# UDEEK

Poems by:

***Manjeet Singh 'Sagar'***
V&P.O. : Dhanaula, Near Civil Hospital,
Teh. Barnala, Distt. : Sangrur (Panjab) Ph. 01679-63394

## ਪ੍ਰਵੇਸ਼

ਵੇਖਿਆ ਜਾਵੇ ਤਾਂ ਜ਼ਿੰਦਗੀ ਵੀ ਇੱਕ ਉਡੀਕ ਹੈ। ਜਦੋਂ ਉਡੀਕ ਜਜ਼ਬਾਤੀ ਵਹਿਣ ਦਾ ਵਿਸਥਾਰ ਬਣ ਬੈਠਦੀ ਹੈ ਤਦ ਇਸ ਵਿੱਚ ਅਹਿਸਾਸ ਆ ਟਿਕਦੇ ਹਨ। ਇੰਝ ਉਡੀਕ ਅਹਿਸਾਸ ਹੁੰਦੀ ਹੈ ਤੇ ਅਹਿਸਾਸ ਵਿੱਚੋਂ ਉਡੀਕ ਦਾ ਜਨਮ ਹੁੰਦਾ ਹੈ। ਕਵਿਤਾ ਨੂੰ ਵੀ ਅਸੀਂ ਅਹਿਸਾਸ ਕਹਿ ਸਕਦੇ ਹਾਂ। ਇੰਝ ਕਵਿਤਾ, ਉਡੀਕ ਅਤੇ ਅਹਿਸਾਸ ਇੱਕਮਿੱਕ ਹੋ ਕੇ ਤੁਰਨ ਵਾਲੇ ਜਜ਼ਬਾਤੀ ਜਜ਼ਬੇ ਹੁੰਦੇ ਹਨ। ਜ਼ਿੰਦਗੀ ਦਾ ਸੰਗੀਤ ਜਜ਼ਬਾਤੀ ਜਜ਼ਬਿਆਂ ਨੂੰ ਸੰਭਾਲ ਕੇ ਰੱਖਣ ਦੀ ਵਿਉਂਤ ਬਣਾਉਂਦਾ ਰਹਿੰਦਾ ਹੈ।

ਮਨਜੀਤ ਸਿੰਘ 'ਸਾਗਰ' ਨੇ ਆਪਣੇ ਆਪੇ ਦੀ ਸਵੈ-ਸਾਧਨਾ ਵਿੱਚੋਂ ਜਿਸ ਉਡੀਕ ਨੂੰ ਆਪਣੀ ਕਵਿਤਾ ਦੀਆਂ ਸਤਰ੍ ਾਂ ਦੁਆਰਾ ਅਸਾਡੇ ਸਨਮੁਖ ਕੀਤਾ ਹੈ ਉਸ ਦਾ ਮੁੱਖ ਉਦੇਸ਼, ਮੁੱਲ, ਮੂਲ, ਮਰਯਾਦਾ, ਨੈਤਿਕਤਾ, ਮਨੋਰਥ, ਉਪਦੇਸ਼, ਅਕੀਦੇ, ਅਰਥ ਸੰਦੇਸ਼, ਸਾਦਗੀ ਅਤੇ ਸਵੈ-ਚੇਤਨਾ ਨੂੰ ਪ੍ਰਸਾਰਿਤ ਕਰਨਾ ਹੈ। ਇਸ ਤਰ੍ ਾਂ ਹੁਣ ਇਹ ਆਖਿਆ ਜਾ ਸਕਦਾ ਹੈ ਕਿ 'ਸਾਗਰ' ਦੀਆਂ ਕਵਿਤਾਵਾਂ, ਸਿੱਖਿਆਦਾਇਕ ਸਥਿਤੀ ਅਤੇ ਸਰੂਪ ਦੀ ਪੈਦਾਇਸ਼ ਲਈ ਚਿੰਤਾਤੁਰ ਹਨ।

ਹਰ ਇੱਕ ਰਚਨਾਕਾਰ ਦਾ ਆਪਣਾ ਕੋਈ ਨਾ ਕੋਈ ਭਾਵ-ਬੋਧ ਹੁੰਦਾ ਹੈ। ਉਹ ਉਸ ਭਾਵ-ਬੋਧ ਦੇ ਪ੍ਰਸਾਰਨ ਦੁਆਰਾ ਜ਼ਿੰਦਗੀ ਲਈ ਨਫ਼ੀਸ ਤਸਦੀਕ ਅਤੇ ਤਸਵੀਰ ਦੀ ਕਲਪਨਾ ਕਰਦਾ ਹੈ। ਮਨਜੀਤ ਸਿੰਘ 'ਸਾਗਰ' ਦੀ ਦ੍ਰਿਸ਼ਟੀ ਆਪਣੇ ਆਲੇ-ਦੁਆਲੇ ਵਿੱਚੋਂ ਸੋਹਣੇ, ਸਹਿਜ ਤੇ ਸੁਖਾਲੇ ਪ੍ਰਕਰਣ ਲੱਭ ਕੇ ਅਜਿਹੀਆਂ ਕਾਵਿ-ਪੰਗਤੀਆਂ ਨੂੰ ਆਪਣੇ ਪਾਠਕਾਂ ਸਾਹਮਣੇ ਪਰੋਸਦੀ ਹੈ। ਜਿਨ੍ ਾਂ ਨਾਲ ਕਵੀ ਅਤੇ ਪਾਠਕਾਂ ਦਾ ਆਪਾ ਇੱਕ ਮਿੱਕ ਹੋ ਕੇ ਸਾਊ ਉਮਰ ਦੀ ਹਾਮੀ ਭਰ ਸਕੇ। ਇਸ ਤਰ੍ ਾਂ 'ਸਾਗਰ' ਸੁਚੇਤ ਦਿੱਖ ਦੁਆਰਾ ਕੋਮਲਤਾ ਨੂੰ ਗ੍ਰਹਿਣ ਕਰਦਾ ਹੈ। ਇਸ ਸੰਦਰਭ ਦੀ ਪੂਰਤੀ ਵਾਸਤੇ ਕਵੀ ਪਤਨਸ਼ੀਲ ਮਾਹੌਲ ਪ੍ਰਤੀ ਅਵਿਸ਼ਵਾਸ ਵਰਗੇ ਹਾਲਾਤ ਅਧੀਨ ਆਖਦਾ ਹੈ।

ਤ੍ਰਿਸ਼ਨਾ ਵੱਸ ਹੋ ਕੇ ਜਦ ਬੰਦਾ, ਇੱਕ ਦੂਜੇ ਨੂੰ ਖਾਵੇ,
ਨਾ ਆਪਣਾ ਨਾ ਬੇਗਾਨਾ ਸਮਝੇ, ਅੰਦਰੋਂ ਛੁਰੀ ਚਲਾਵੇ।
ਉਹ ਵੀ ਦੇਖਿਆ ਆਹ ਵੀ ਦੇਖਿਆ
ਬਾਹਰੋਂ ਚਿੱਟੇ ਅੰਦਰੋਂ ਕਾਲੇ।
ਕੀਹਦਾ ਕੀਹਦਾ ਸੱਚ ਮੰਨੀਏ, ਝੂਠੇ ਕਰਦੇ ਕੂੜ ਦੇ ਦਾਵੇ।

ਕਾਵਿ ਪੁਸਤਕ 'ਉਡੀਕ' ਦੀ ਕਾਵਿ ਸ਼ਾਲਾ ਵਿੱਚ ਨਸੀਹਤ ਦੇ ਨਾਲ ਨਾਲ ਸਮਾਜਿਕ-ਨਬਜ਼ ਦੀ ਪਹਿਚਾਣ ਦਾ ਵੀ ਜ਼ਿਕਰ ਤੁਰਦਾ ਰਹਿੰਦਾ ਹੈ। ਸਮਾਜਿਕ ਨਬਜ਼ ਨੂੰ 'ਸਾਗਰ' ਟੋਂਹਦਾ ਹੀ ਨਹੀਂ ਸਗੋਂ ਉਸ ਨਬਜ਼ ਉੱਤੇ ਉਹ ਆਪਣਾ ਸੰਵੇਦਨਸ਼ੀਲ ਹੱਥ ਰੱਖਕੇ ਸੁਭਾਵਿਕ ਤੇ ਸੰਸਾਰਿਕ ਨਿਰਣਿਆਂ ਦੀ ਗੱਲ ਵੀ ਤੋਰਦਾ ਹੈ। ਉਸ ਦੇ ਇਹ ਨਿਰਣੇ ਖ਼ੂਬਸੂਰਤ ਖ਼ੂਬੀ ਵਾਂਗ ਪਾਠਕ ਲਈ ਮਨਮੋਹਕ ਤੇ ਮਨੋਹਰ ਬਣ ਜਾਣ ਦੀ ਸਮਰੱਥਾ ਰੱਖਦੇ ਹਨ।

ਮਹਿਕਾਂ ਵਿੱਚ ਹੀ ਜੀਵਨ ਹੁੰਦੈ,
ਜੀਵਨ - ਜੋਤ ਜਗਾਉਂਦੇ ਜਾਓ।

'ਸਾਗਰ' ਨੇ ਕਈ ਅਜਿਹੇ ਕਾਵਿ-ਦ੍ਰਿਸ਼ ਚਿੱਤਰੇ ਹਨ ਜਿਨ੍ ਾਂ ਦਾ ਆਪਣਾ ਹੀ ਇੱਕ ਤਪਸਰਾ, ਤਾਲ, ਲੈਅ, ਰੂਹ, ਰੰਗ, ਰਾਗ, ਰਸ ਤੇ ਨਖ਼ਰਾ ਹੈ। ਇਸ ਪ੍ਰਕਾਰ ਦੇ ਅਦਭੁਤ ਰਸ ਕਵੀ ਦੇ ਆਪੇ ਵਿੱਚੋਂ ਆਪ-ਮੁਹਾਰੇ ਹੀ ਉਤਪੰਨ ਹੋ ਗਏ ਜਾਪਦੇ ਹਨ। ਇਸ ਪ੍ਰਕਾਰ ਦੀ ਰਸ ਅਨੁਭੂਤੀ ਦੁਆਰਾ ਪ੍ਰਕਾਸ਼ਿਤ ਭਾਵ-ਧਾਰਾ ਬਾਲ-ਬੋਲ ਅਤੇ ਬਾਲ-ਮਨ ਨੂੰ ਮੋਹਿਤ ਕਰ ਲੈਣ ਦੀ ਕਸ਼ਿਸ਼ ਰੱਖਦੀ ਹੈ। ਇਸ ਧਾਰਾ ਤਹਿਤ 'ਤਾਰੇ', 'ਟੋਭਾ', 'ਮੋਰ', 'ਤਿੱਤਰ', 'ਵਿਦੇਸ਼ੀ ਚਿੜੀ', 'ਨੰਨ੍ ੀ ਮੁੰਨੀ' ਵਰਗੀਆਂ ਲੋਕ-ਯਾਨਿਕ ਸੁਭਾਅ ਵਾਲੀਆਂ ਕਵਿਤਾਵਾਂ ਆਉਂਦੀਆਂ ਹਨ।

'ਸਾਗਰ' ਮਨੋਵਿਗਿਆਨਕ ਤੱਤ ਨੂੰ ਸਵੀਕਾਰ ਕਰਦਾ ਹੋਇਆ ਉਸ ਦੀ ਵਰਤੋਂ ਆਪਣੀਆਂ ਕਵਿਤਾਵਾਂ ਵਿੱਚ ਪੂਰੀ ਸਫ਼ਲਤਾ ਨਾਲ ਕਰਦਾ ਹੈ। ਇਸ ਪ੍ਰਯਤਨ ਸਦਕਾ 'ਸਾਗਰ' ਨੂੰ ਸੂਖਮ ਭਾਵੀ ਕਿਹਾ ਜਾ ਸਕਦਾ ਹੈ ਜੋ ਸਮਾਜਿਕ ਰਿਵਾਇਤ ਦੇ ਸੁਚੱਜੇ ਸੰਦਰਭ ਸਿਰਜਦਾ ਹੋਇਆ ਪਤੇ ਦੀ ਗੱਲ ਆਖਦਾ ਹੈ।

ਸਭ ਤੋਂ ਹੁੰਦੀ ਔਖੀ ਉਡੀਕ ਕਿਸੇ ਦੀ ਕਰਨੀ।
ਦੇ ਕੇ ਪਲ ਦਾ ਲਾਰਾ ਝੂਠਾ,
ਪੈਂਦੀ ਘੰਟਿਆਂ ਬੱਧੀ ਫਿਰ ਚੌਂਕੀ ਭਰਨੀ।
ਫੁਰਸਤ ਦੇ ਪਲ ਛੇਤੀ ਲੰਘਣ ਉਡੀਕ ਖ਼ਤਮ ਨਾ ਹੋਵੇ।

ਅਹਿਸਾਸ ਤਾਂ ਅਮੁੱਕ ਹੁੰਦਾ ਹੈ ਤੇ ਉਡੀਕ ਜੋ ਅਹਿਸਾਸ ਦੀ ਪ੍ਰਤੀ ਛਾਇਆ ਹੁੰਦੀ ਹੈ ਹਰ ਇੱਕ ਆਪੇ ਨੂੰ ਕਿਸੇ ਨਾ ਕਿਸੇ ਵਸੀਲੇ ਦੁਆਰਾ ਮੋਹ ਲੈਂਦੀ ਹੈ। ਇੰਝ 'ਸਾਗਰ' ਦੀ ਕਵਿਤਾ ਨੂੰ ਮਰਯਾਦਾ ਦੇ ਮੋਹ ਵਿੱਚੋਂ ਪੈਦਾ ਹੋਈ ਸਮਾਜਿਕ-ਖੁਸ਼ਬੋਈ ਕਹੇ ਜਾਣ

ਵਿੱਚ ਕੋਈ ਅਤ-ਕਥਨੀ ਨਹੀਂ। ਉਡੀਕ ਦੇ ਅਰਥ ਪ੍ਰੀਤ ਦੇ ਪ੍ਰਕਰਣ ਸਮੇਂ ਬਿਰਹਾ ਦੀ ਬਾਤ ਪਾਉਂਦੇ ਪਾਉਂਦੇ ਸਿਦਕ ਦੇ ਸੁਨੇਹੇ ਦਾ ਸੂਚਕ ਬਣ ਬੈਠਦੇ ਨੇ। 'ਸਾਗਰ' ਨੇ ਇਸ ਪ੍ਰਕਾਰ ਦੇ ਸਪਰਸ਼ ਨੂੰ ਆਪਣੀਆਂ ਕਈ ਕਵਿਤਾਵਾਂ ਵਿੱਚ ਪ੍ਰਸੰਗ ਬਣਾਉਣ ਦੀ ਕੋਸ਼ਿਸ਼ ਕੀਤੀ ਹੈ।

ਇੱਕ ਉਡੀਕ ਸੀ ਉਸ ਸੋਹਣੀ ਨੂੰ,
ਜੋ ਬੈਠੀ ਝਨ੍ਹ ਾਂ ਕਿਨਾਰੇ।
ਰਹੀ ਉਡੀਕ ਸੀ ਮਹੀਂਵਾਲ ਨੂੰ
ਆਖਰ ਠਿੱਲੀ ਘੜੇ ਸਹਾਰੇ
ਘੜਾ ਸੀ ਕੱਚਾ, ਆਪ ਸੀ ਪੱਕੀ,
ਮਰ ਜ਼ਿੰਦਗੀ ਅਮਰ ਕਰਲੀ।

'ਸਾਗਰ' ਆਪਣੀਆਂ ਕਵਿਤਾਵਾਂ ਵਿੱਚ ਜਨ-ਸਾਧਾਰਣ ਦੇ ਜਜ਼ਬਿਆਂ ਦੀ ਤਰਜ਼ਮਾਨੀ ਕਰਨ ਵਾਲੀ ਕਲਾ ਦਾ ਪੈਰੋਕਾਰ ਬਣਕੇ ਲੋਕਾਂ ਲਈ ਸੌਖੇ ਸੌਖੇ ਸਲਾਹ ਮਸ਼ਵਰੇ ਪ੍ਰਸਾਰਿਤ ਕਰਦਾ ਨਜ਼ਰ ਆ ਰਿਹਾ ਹੈ।

ਜਿਸ ਨੇ ਸਮਝੀ ਰਮਜ਼ ਇਸ਼ਕ ਦੀ,
'ਸਾਗਰ' ਉਹ ਭਵ-ਸਾਗਰ ਤਰਦਾ।

ਸੌਖੇ ਸੌਖੇ ਸ਼ਬਦਾਂ ਰਾਹੀਂ 'ਸਾਗਰ' ਨੇ ਆਪਣੀਆਂ ਕਵਿਤਾਵਾਂ ਦੁਆਰਾ ਸੌਖੇ ਸੌਖੇ ਵਿਅੰਗ ਵੀ ਕਸੇ ਹਨ।

ਕਾਰਾਂ ਕੋਠੀਆਂ ਵਿੱਚ ਤੂੰ ਰਹਿਣੈ,
ਤਾਹੀਂਓ ਮੈਨੂੰ ਪਾਗਲ ਕਹਿਣੈ।
ਮੈਂ ਕਿਸਮਤ ਦਾ ਕੋਸਿਆ ਬੰਦਾ।

ਇਸ ਸਿਲਸਿਲੇ ਅਧੀਨ 'ਸਾਗਰ' ਦੀ ਕਾਵਿ-ਚੇਤਨਾ ਨੇ ਸਮਾਜਿਕ-ਵਧੀਕੀ, ਆਰਥਿਕ-ਅਨਿਆ, ਧਾਰਮਿਕ ਪਾਖੰਡ, ਰਾਜਨੈਤਿਕ ਅਣਹੋਣੀ ਦੇ ਕਥਾਨਕ ਦੀ ਵੀ ਗੱਲ ਕੀਤੀ ਹੈ। 'ਸਾਗਰ' ਦੀਆਂ ਕਵਿਤਾਵਾਂ ਵਿੱਚ ਵੰਨ ਸੁਵੰਨੇ ਵਿਸ਼ਵਾਸ਼ ਵਿਦਮਾਨ ਹਨ। ਇਸ ਪ੍ਰਕਾਰ ਦੇ ਵਿਸ਼ਲੇਸ਼ਣ ਅਧੀਨ 'ਬ੍ਰਿਹਾ' 'ਅਸਮਾਨੀ ਬਿਜਲੀ' ਤੇ 'ਕਿੱਕਰਾਂ' ਆਦਿ ਕਵਿਤਾਵਾਂ ਦਾ ਉਦਾਹਰਣ ਦਿੱਤਾ ਜਾ ਸਕਦਾ ਹੈ। ਉਸ ਦੀਆਂ ਇਨ੍ਹ ਾਂ ਕਵਿਤਾਵਾਂ ਵਿੱਚ ਹਿਜ਼ਰ, ਹੇਕ, ਹਕੀਮੀ ਤੇ ਹਾਉਕਾ ਸ਼ਾਮਲ ਹੈ।

ਇਸ ਪੈਂਡੇ ਕੱਲਾ ਈ ਜਾਂਦਾ,
ਨਾਲ ਨਾ ਜਾਂਦਾ ਕੋਈ।

ਕਦੇ ਕਦੇ 'ਸਾਗਰ' ਦੀਆਂ ਕਵਿਤਾਵਾਂ ਵਿੱਚ ਕਿੱਸਿਆਂ ਵਰਗੀ ਲੋਕ-ਕਲਾ ਦੇ ਦਰਸ਼ਨ ਹੋਣ ਲੱਗ ਪੈਂਦੇ ਹਨ। ਉਥੇ ਉਹ ਲੋਕ-ਚਿੱਤ ਨਾਲ ਉਪਦੇਸ਼ਾਤਮਕ ਸੰਵਾਦ ਰਚਾਉਣ ਦੀ ਕੋਸ਼ਿਸ਼ ਕਰਦਾ ਜਾਪਦਾ ਹੈ। ਇਸ ਤਰ੍ਹ ਾਂ ਦੇ ਵਰਨਣ ਸਮੇਂ ਉਸ ਦੀ ਕਾਵੁਕ-ਬਾਣੀ ਦਾ ਆਪਣਾ ਹੀ ਇੱਕ ਵਿਲੱਖਣ ਅੰਦਾਜ਼ ਹੁੰਦਾ ਹੈ।

1. ਫਿਰ ਹੌਂਕਿਆਂ ਦੀ ਦਰਦ ਕਹਾਣੀ,
   ਯਾਦਾਂ ਸਿੱਲ੍ਹ ੀਆਂ ਕਰ ਦੇਂਦੇ।
2. ਨਾ ਕੋਈ ਰਿਹਾ ਤਬੀਅਤ ਦਾ ਫੱਕਰ।

ਉਪਦੇਸ਼ਾਤਮਕ - ਸੰਵਾਦ ਸਮੇਂ 'ਸਾਗਰ' ਇੱਛਾ-ਮੂਲਕ ਸੱਧਰਾਂ ਦੇ ਸੁਰਮਈ ਸੁਪਨਿਆਂ ਦੇ ਚਿੱਤਰਾਂ ਨੂੰ ਸਾਕਾਰ ਕਰਨ ਦੀ ਵਿਉਂਤ ਅਧੀਨ ਵੀ ਕਵਿਤਾ ਕਹਿੰਦਾ ਹੈ ਪਰ ਉਸਦੇ ਇਸ ਤਰ੍ਹ ਾਂ ਦੇ ਕਥਨ ਵੀ ਕਲਾ ਦੀ ਹੂਕ ਬਣ ਕੇ ਆਪ-ਮੁਹਾਰੇ ਹੀ ਆਪ ਹੀ ਹਾਜ਼ਰ ਹੋਣ ਦੀ ਕਾਬਲੀਅਤ ਰੱਖਦੇ ਹਨ।

ਲੋਕਾਂ ਦੀ ਵੀ ਜ਼ਿੰਦਗੀ ਯਾਰੋ ਪੱਥਰਾਂ ਵਰਗੀ ਹੋਈ।

'ਸਾਗਰ' ਆਪਣੀਆਂ ਕਵਿਤਾਵਾਂ ਨੂੰ ਲੋਕ-ਬਾਣੀ ਕੋਲ ਲੈ ਜਾਣ ਦੀ ਕੋਸ਼ਿਸ਼ ਕਰਦਾ ਹੈ। ਇਸ ਕਰਕੇ ਹੀ ਉਸ ਦੀ ਕੋਮਲਤਾ ਦਾ ਆਂਤਰਿਕ-ਪ੍ਰਗਟਾਵਾ ਸਹਿਜ-ਸਰੂਪ ਦਾ ਪ੍ਰਸ਼ੰਸ਼ਕ ਹੈ।

ਸਹਿਜ ਸੁਭਾ ਬੋਲੇ ਜਦ ਬੰਦਾ,
ਫਿਰ ਜ਼ਿੰਦਗੀ ਹੈ ਹੱਸਦੀ।

ਜ਼ਿੰਦਗੀ ਨੂੰ ਹੱਸਦਿਆਂ ਤੇ ਵਸਦਿਆਂ ਵੇਖਣ ਵਾਲੀ ਮਨੋਕਾਮਨਾ ਨੇ ਹੀ ਮਨਜੀਤ ਸਿੰਘ 'ਸਾਗਰ' ਨੂੰ ਕਵਿਤਾਵਾਂ ਲਿਖਣ ਲਈ ਪ੍ਰੇਰਿਆ ਹੋਵੇਗਾ। ਉਸਦੀ ਕਾਵਿ-ਪੁਸਤਕ 'ਉਡੀਕ' ਦਾ ਪੰਜਾਬੀ ਕਾਵਿ ਸੰਸਾਰ ਵਿੱਚ ਪ੍ਰਵੇਸ਼ ਖੁਸ਼ੀ ਦਾ ਆਰੰਭ ਹੈ। ਹਰ ਇੱਕ ਆਰੰਭ ਦੀ ਆਪਣੀ ਇੱਕ ਵਿਸ਼ੇਸ਼ ਰੂਹ ਹੁੰਦੀ ਹੈ। ਕਵਿਤਾ ਦੀ ਰੂਹ ਉਸ ਦੇ ਵਲਵਲੇ ਹੁੰਦੇ ਹਨ। 'ਰੂਹ' ਦੀ ਰੌਣਕ 'ਉਡੀਕ' ਨੂੰ ਜੀ ਆਇਆ ਆਖਦਿਆਂ ਮੈਨੂੰ ਬੇਹੱਦ ਖੁਸ਼ੀ ਹੋ ਰਹੀ ਹੈ।

**- ਓਮ ਪ੍ਰਕਾਸ਼ ਗਾਸੋ**

ਨੇੜੇ ਆਰੀਆ ਹਾਈ ਸਕੂਲ

ਬਰਨਾਲਾ - 148101
ਮਿਤੀ :- 1-11-2000

## ਉਡੀਕ

ਸਭ ਤੋਂ ਹੁੰਦੀ ਔਖੀ ਉਡੀਕ ਕਿਸੇ ਦੀ ਕਰਨੀ
ਦੇ ਕੇ ਪਲ ਦਾ ਲਾਰਾ ਝੂਠਾ
ਪੈਂਦੀ ਘੰਟਿਆਂ ਬੱਧੀ ਫਿਰ ਚੌਂਕੀ ਭਰਨੀ

ਫੁਰਸਤ ਦੇ ਪਲ ਛੇਤੀ ਲੰਘਣ ਉਡੀਕ ਖਤਮ ਨਾ ਹੋਵੇ
ਗੇੜ ਚੁਰਾਸੀ ਦੇ ਵਿੱਚ ਪੈ ਕੇ ਬੰਦਾ ਰੋਣੇ ਰੋਵੇ
ਮਾੜਾ ਚੰਗਾ ਲੈਣਾ ਦੇਣਾ ਇਹ ਹੈ ਕਰਨੀ ਭਰਨੀ
ਸੱਭ ਤੋਂ ਹੁੰਦੀ ਔਖੀ ਉਡੀਕ......

ਲਾਰੇ ਲੱਪੇ ਕਈ ਛਲਾਵੇ ਬੰਦੇ ਨੂੰ ਤੰਗ ਕਰਦੇ
ਇਮਾਨਦਾਰ, ਸੱਚੇ ਤੇ ਤਿਆਗੀ ਦੇਖੇ ਭੁੱਖੇ ਮਰਦੇ
ਜ਼ੋਰ ਡੰਡੇ ਦੇ ਨਾਲ ਜ਼ਾਲਮਾਂ ਪਈ ਹਕੂਮਤ ਕਰਨੀ
ਸੱਭ ਤੋਂ ਹੁੰਦੀ ਔਖੀ ਉਡੀਕ......

ਬੇਰੁਜ਼ਗਾਰੀ ਭੁੱਖ ਗਰੀਬੀ ਹਿੰਦੋਸਤਾਨ 'ਚ ਫੈਲੀ ਜਾਵੇ
ਚੁਸਤ ਮਕ੍ਰ ਾਰੀ ਧੋਖੇ ਬਾਜ਼ੀ ਮੌਜਾਂ ਦੇ ਨਾਲ ਟਹਿਲੀ ਜਾਵੇ
ਝੂਠੀ ਗੱਲ ਰਾਜਨੀਤੀਵਾਨਾਂ ਦੀ ਨਾ ਕਹਿਣੀ ਨਾ ਕਰਨੀ
ਸੱਭ ਤੋਂ ਹੁੰਦੀ ਔਖੀ ਉਡੀਕ......

ਕੁੱਝ ਉਡੀਕਾਂ ਇਹੋ ਜਿਹੀਆਂ ਨੇ, ਪੂਰੀ ਕਦੇ ਨਾ ਹੋਵਣ
ਭਾਵੇਂ ਥੱਕੀਏ ਮਿੰਨਤਾਂ ਕਰਕੇ ਰਹਿੰਦੀ ਜ਼ਿੰਦਗੀ ਰੋਵਣ ਧੋਵਣ
ਹੀਲੇ ਵਸੀਲੇ ਸਭ ਮੁੱਕ ਜਾਂਦੇ ਫਿਰ ਕੀ ਜ਼ਿੰਦਗੀ ਕਰਨੀ
ਸੱਭ ਤੋਂ ਹੁੰਦੀ ਔਖੀ ਉਡੀਕ......

ਇੱਕ ਉਡੀਕ ਸੀ ਉਹ ਵੀਰਾਂ ਦੀ ਜਿਹੜੇ ਮੁੜਕੇ ਕਦੇ ਨਾ ਆਏ
ਲੱਖਾਂ ਮੰਨਤ ਮਨਾਉਤਾਂ ਕੀਤੀਆਂ ਜੋ ਮੁੜ ਵਤਨੀ ਨਾ ਭਾਏ
ਦੇ ਕੁਰਬਾਨੀ ਦੇਸ਼ ਦੀ ਖਾਤਰ ਕਰ ਗਏ ਅਮਰ ਜਵਾਨੀ
ਸੱਭ ਤੋਂ ਹੁੰਦੀ ਔਖੀ ਉਡੀਕ......

ਸਭ ਤੋਂ ਪਿਆਰੀ ਉਡੀਕ ਸੱਜਣ ਦੀ ਜਦੋਂ ਭੀ ਕਰਨੀ ਪੈਂਦੀ
ਦਿਲ ਫਿਰ ਹੁੰਦਾ ਤਰਲੋ ਮੱਛੀ ਜਿੰਦ ਧੜਕਦੀ ਰਹਿੰਦੀ
ਚਿਰੀ ਵਿਛੁੰਨਾ ਮਿਲ ਜਾਵੇ ਜਦ ਧੁੱਪ ਛਾਂ ਪੈਂਦੀ ਜਰਨੀ
ਸੱਭ ਤੋਂ ਹੁੰਦੀ ਔਖੀ ਉਡੀਕ......

ਇੱਕ ਉਡੀਕ ਸੀ ਉਸ ਸੋਹਣੀ ਨੂੰ ਜੋ ਬੈਠੀ ਝਨਾਂ ਕਿਨਾਰੇ
ਰਹੀ ਉਡੀਕ ਸੀ ਮਹੀਂਵਾਲ ਨੂੰ ਆਖਰ ਠਿਲੀ ਘੜੇ ਸਹਾਰੇ
ਘੜਾ ਸੀ ਕੱਚਾ ਆਪ ਸੀ ਪੱਕੀ ਮਰ ਜ਼ਿੰਦਗੀ ਅਮਰ ਕਰ ਲੀ
ਸੱਭ ਤੋਂ ਹੁੰਦੀ ਔਖੀ ਉਡੀਕ......

ਮਿਰਜ਼ਾ ਸਾਹਿਬਾਂ ਜੰਡ ਦੇ ਹੇਠਾਂ ਕਿਹਨੂੰ ਪਏ ਉਡੀਕਣ
ਪਿਆਰ ਚ ਜਿੱਤਿਆ ਸਭ ਕੁਝ ਉਨ੍ਹਾਂ ਜਿੱਤਕੇ ਹਾਰੇ ਸਭ ਕੁੱਝ
ਮੌਤ ਜਿੱਤ ਗਈ, ਜ਼ਿੰਦਗੀ ਹਾਰੀ ਗਲਤੀ ਵੱਡੀ ਕਰ ਲੀ
ਸੱਭ ਤੋਂ ਹੁੰਦੀ ਔਖੀ ਉਡੀਕ......

ਜੰਮਣਾ ਮਰਨਾ ਉਡੀਕ 'ਚ ਹੁੰਦਾ ਹਰ ਕੋਈ ਇਸਦਾ ਭੇਦ ਨਾ ਜਾਣੇ
ਜਿਸ ਤਨ ਦਰਦ ਵਿਛੋੜਾ ਹੁੰਦਾ ਉਹ ਤਨ ਲੱਗੀਆਂ ਉਹੀ ਜਾਣੇ
ਖੁਸ਼ੀਆਂ ਗਮੀਆਂ ਝੰਜਟ ਝੇੜੇ ਹਰ ਮੁਸੀਬਤ ਜਰਨੀ
ਸੱਭ ਤੋਂ ਹੁੰਦੀ ਔਖੀ ਉਡੀਕ......

ਸਾਰੀ ਉਮਰ ਉਡੀਕ ਉਡੀਕ ਕੇ ਪਈ ਗਰੀਬੀ ਕੱਟਣੀ
ਹੱਡ ਭੰਨਣੀ ਮਿਹਨਤ ਦੇ ਨਾਲ ਮਿਲੀ ਰੋਟੀ ਤੇ ਚਟਣੀ
ਸੁਪਨੇ ਵਿੱਚ ਵੀ ਸੁੱਖ ਨਾ ਦੇਖਿਆ 'ਸਾਗਰ' ਜ਼ਿੰਦਗੀ ਜਰ ਲੀ
ਸੱਭ ਤੋਂ ਹੁੰਦੀ ਔਖੀ ਉਡੀਕ......

✪✪

## ਅਸਮਾਨੀ ਬਿਜਲੀ

ਬਿਜਲੀ ਚਮਕੀ ਕੜ ਕੜ ਡਿੱਗੀ
ਚਕਾ ਚੌਂਧ ਫਿਰ ਛਾਈ,
ਕੰਤ ਜਿਨ੍ਹਾਂ ਦੇ ਗਏ ਪਰਦੇਸੀਂ
ਫਿਰ ਯਾਦ ਉਹਨਾਂ ਦੀ ਆਈ।

ਸੌਣ ਮਹੀਨਾ ਬੱਦਲਾਂ ਵਾਲਾ
ਯਾਦ ਤੇਰੀ ਵਿੱਚ ਲੰਘੀ ਜਾਵੇ,
ਦਾਦਰ ਮੋਰ ਪਪੀਹੇ ਬੋਲਣ
ਜਾਨ ਸੂਲੀ ਤੇ ਟੰਗੀ ਜਾਵੇ।

ਨ੍ਹੇਰੀ ਰਾਤ ਪੱਤਿਆਂ ਦੀ ਖੜ ਖੜ
ਝੱਖੜ ਮੀਂਹ ਵਰ੍ਹੇਂਦਾ,
ਦੂਰ ਸ਼ੌਹਰ ਮੈਂ ਕੱਲ ਮੁਕੱਲੀ
ਦਿਲ ਪਿਆ ਧੱਕ ਕਰੇਂਦਾ।

ਬੱਸ ਕਰ, ਕੜਕ ਨਾ ਐਵੇਂ ਝੱਲੀਏ
ਤਨ ਵਿੱਚ ਅੱਗ ਕਿਉਂ ? ਬਾਲੇਂ
ਮੈਂ ਬ੍ਰਿਹਾ ਵਿੱਚ ਤੜਪੀ ਜਾਵਾਂ
ਤੂੰ ਆਪਣਾ ਕਿਉਂ ਤਨ ਜਾਲੇਂ।

ਕੜ ਕੜ ਕਰਨਾ ਬੰਦ ਕਰਦੇ ਤੂੰ
ਬੇ-ਸ਼ੱਕ ਚਮਕੀ ਜਾਹ ਨੀ,
ਕੜ ਕੜ ਦੇ ਵਿੱਚ ਸੁਝਦਾ ਕੁੱਝ ਨੀ
ਚਮਕ ਕੇ ਰਾਹ ਦਿਖਲਾ ਨੀ।

ਮੈਂ ਬ੍ਰਿਹਾ ਦੀ ਮਾਰੀ ਵੈਰਨੇ
ਕੁੱਝ ਤੇ ਤਰਸ ਤੂੰ ਕਰ ਨੀ,
ਕੜਕ, ਚਮਕ ਮਾਹੀ ਕੋਲ ਜਾ ਕੇ
ਜੇ ਮਾਹੀ ਆ ਜੇ ਘਰ ਨੀ।

ਫਿਰ ਮੈਂ ਤੇਰੀ ਸਹੇਲੀ ਪੱਕੀ
ਬੱਦਲੀਂ ਸੰਗ ਰਲ ਜਾਵਾਂ,
ਦੂਰ ਦੇਸ ਮੇਰਾ ਮਾਹੀ ਵੱਸੇ
'ਸਾਗਰ' ਲੰਘ ਮਿਲ ਆਵਾਂ।
✪✪

## ਮ੍ਰਿਗ ਤ੍ਰਿਸ਼ਨਾ

ਮ੍ਰਿਗ ਵਿਚਾਰਾ ਡਰਦਾ ਮਾਰਾ, ਚੁੱਘੀਆਂ ਭਰਦਾ ਜਾਵੇ
ਐਪਰ ਉਸਨੂੰ ਖ਼ਬਰ ਨਾ ਕੋਈ ਡਰ ਕਿਸ ਗੱਲ ਦਾ ਖਾਵੇ

ਐਧਰ ਭੱਜੇ ਓਧਰ ਭੱਜੇ, ਭਟਕਣ ਵਧਦੀ ਜਾਵੇ
ਮ੍ਰਿਗ ਤ੍ਰਿਸ਼ਨਾ ਹੁੰਦੀ ਏ ਮਾੜੀ, ਜਿਸ ਦਿਲ ਵਿੱਚ ਵੜ ਜਾਵੇ

ਤ੍ਰਿਸ਼ਨਾ ਵੱਸ ਹੋ ਕੇ ਜਦ ਬੰਦਾ, ਇੱਕ ਦੂਜੇ ਨੂੰ ਖਾਵੇ
ਨਾ ਆਪਣਾ ਬੇਗਾਨਾ ਸਮਝੇ, ਅੰਦਰੋਂ ਛੁਰੀ ਚਲਾਵੇ

ਮਾੜੇ ਕੰਮ ਕਰਦਾ ਏ ਨਿੱਤ ਦਿਨ, ਜ਼ੁਲਮ ਦੀ ਹੱਦ ਮੁਕਾਈ ਜਾਵੇ
ਸੌ ਚੋਂ ਠੱਨਵੇਂ ਮਾੜੇ ਬਣਗੇ, ਦੋ ਚੰਗਿਆਂ ਦੀ ਸੁਣੀ ਨਾ ਜਾਵੇ

ਓਥੇ ਕੀ ਕਰੂ ਅਕਲ ਵੀਚਾਰੀ, ਜਿੱਥੇ ਡੰਡਾ ਸਿਰ ਤੇ ਆਵੇ
ਤੂੰ ਤੂੰ ਮੈਂ ਮੈਂ ਹਰ ਕੋਈ ਕਰਦਾ, ਸਿਆਣੀ ਗੱਲ ਨਾ ਕਰਨੀ ਆਵੇ

ਓਹ ਵੀ ਦੇਖਿਆ ਆਹ ਵੀ ਦੇਖਿਆ, ਬਾਹਰੋਂ ਚਿੱਟੇ ਅੰਦਰੋਂ ਕਾਲੇ
ਕੀਹਦਾ ਕੀਹਦਾ ਸੱਚ ਮੰਨੀਏ, ਝੂਠੇ ਕਰਦੇ ਕੂੜ ਦੇ ਦਾਵੇ

ਰਾਵਣ ਰੂਪੀ ਹਰ ਥਾਂ ਫਿਰਦੇ, ਬੇਟੀਆਂ ਚੁੱਕਣ ਵਾਲੇ
ਲਛਮਣ ਰੇਖਾ ਮਿਟ ਗਈ ਯਾਰੋ, ਕਿਸ ਸ਼ਕਤੀ ਨਾਲ ਵਾਹਵੇ

ਹੈ ਕੋਈ ਸ਼ਕਤੀ ਵਾਲਾ ਬੰਦਾ, ਜੋ ਮਹਾਂਵੀਰ ਬਣ ਜਾਵੇ
ਰਾਮ ਦੀ ਲੀਲਾ ਚੱਲੇ ਨਾ ਏਥੇ, ਕੂੜ ਅਮਾਵਸ ਛਾਵੇ

ਔਖਾ ਔਖਾ ਸਾਰੇ ਕਹਿੰਦੇ, ਸੁਖੀ ਨਾ ਕੋਈ ਕਹਾਵੇ
ਪੱਥਰ ਕਹਿੰਦਾ ਮੈਂ ਤਾਂ ਖੁਰਦਾਂ, ਖੁਰਦੇ ਲੂਣ ਨੂੰ ਕੌਣ ਬਚਾਵੇ

ਪੰਡਿਤ ਮੁੱਲਾਂ ਭਾਈ ਰੱਜ ਗਏ, ਦੰਦ ਘਸਾਈ ਕਰਦੇ ਦਾਅਵੇ
ਸੁਣਦਾ ਨਾ ਕੋਈ ਚੱਕੀ-ਰਾਹੇ ਦੀ, ਲਪੋਟ ਸੰਖ ਪਿਆ ਵੱਜੀ ਜਾਵੇ

ਮਾੜਾ ਬੰਦਾ ਡਰਦਾ ਮਾਰਾ, ਖੂੰਜੇ ਲੁਕ ਲੁਕ ਜਾਵੇ
ਲੱਖ ਸਮਝਾਇਆਂ ਸਮਝੇ ਨਾਹੀਂ, ਵਿੱਚ ਗਰਕਦਾ ਜਾਵੇ

ਅੱਜ ਵੀ ਮੋਇਆ ਕੱਲ੍ਹ ਵੀ ਮੋਇਆ, ਦੱਸੋ ? ਕੌਣ ਬਚਾਵੇ
'ਸਾਗਰ' ਕੱਢ ਕਸਤੂਰੀ ਧੁੰਨ 'ਚੋਂ, ਮ੍ਰਿਗ ਤ੍ਰਿਸ਼ਨਾ ਇਹ ਗਾਵੇ
✪✪

## ਓ ਬੰਦਿਆ

ਓ ਬੰਦਿਆ ਤੂੰ ਰੱਬ ਦਾ ਬਣ ਕੇ ਨਹੀਂ
ਪਦਾਰਥਵਾਦੀ ਬਣ ਕੇ ਕਿਉਂ ਜੀਅ ਰਿਹਾ
ਸੋਹਣਾ ਜਿਹਾ ਸੰਸਾਰ ਹੈ ਤੇਰੇ ਕੋਲ
ਪਰ ਫਿਰ ਵੀ ਤੂੰ ਜ਼ਿੰਦਗੀ ਦੇ ਖੱਪਰ ਸੀ ਰਿਹਾ

ਮਹਿਲ ਮਾੜੀਆਂ ਐਸ਼ੋ ਇਸ਼ਰਤ, ਧਨ ਕੁਬੇਰ ਨਾ ਬਣ ਉਏ
ਭਾਰ ਨੀ ਏਨਾ ਚੁੱਕਿਆ ਜਾਣਾ, ਮਿੱਟੀ ਰੁਲਜੂ ਤਨ ਉਏ
ਭਰ ਦੇ ਕਿਸੇ ਗਰੀਬ ਦੀ ਝੋਲੀ, ਨਾ ਜ਼ਿੰਦਗੀ ਤੋਂ ਠਣ ਉਏ

ਰਾਜੇ ਰਾਣੇ ਸਿਕਦਾਰ ਚੌਧਰੀ, ਆਫ਼ਰ ਆਫ਼ਰ ਫਿਰਦੇ ਨੇ
ਖੂਹ ਦੀਆਂ ਟਿੰਡਾਂ ਵਾਗੂੰ ਭਰ ਕੇ, ਵਿੱਚੋਂ ਖਾਲੀ ਦਿਖਦੇ ਨੇ

ਆਕੜ ਦਾ ਤੂੰ ਏਨਾ ਭਰਿਆ, ਵਾਂਗ ਬੁਲਬੁਲੇ ਫੁੱਲੀ ਜਾਵੇਂ
ਗਿਆਨ ਗੋਸ਼ਟੀ ਤੂੰ ਨਾ ਸਮਝੇਂ, ਨਾ ਕੁੱਲੀ ਗੁੱਲੀ ਜੁੱਲੀ ਜਾਣੇ

ਜਿੱਥੇ ਜਾਵੇਂ ਲੁੱਟ ਵੱਲ ਤੱਕੇਂ, ਲਾਲਚੀ ਅੱਖ ਘੁਮਾਵੇਂ
ਮਿੱਤ ਨਾਹੀ ਤੂੰ ਕਿਸੇ ਦਾ ਬਣਦਾ, ਪਾਪ ਭੜੋਲੇ ਭਰਦਾ ਜਾਵੇ,

ਲੋਕ ਦਿਖਾਵੇ ਨਖ਼ਰੇ ਕਰਕੇ, ਵੱਡੀਆਂ ਵੱਡੀਆਂ ਮੇਰਾਂ ਕਰਦਾ
ਇੱਥੋਂ ਲੁੱਟਿਆ ਓਥੋਂ ਲੁੱਟਿਆ, ਹਾਲੇ ਵੀ ਤੇਰਾ ਢਿੱਡ ਨਾ ਭਰਦਾ

ਨਫ਼ਰਤਾਂ ਕਰਦਾ ਸ਼ਰੀਕੇ ਕਰਦਾ, ਵੱਢੂ ਖਾਊਂ ਕਰਦਾ ਰਹਿੰਦਾ
ਸਰਦਾ ਨਾਹੀਂ ਬਿਨ੍ਹ ਉਹਨਾਂ ਦੇ, ਜਿੰਨਾਂ ਨੂੰ ਤੂੰ ਮਾੜਾ ਕਹਿੰਦਾ

ਘੱਟ ਕਿਸੇ ਤੋਂ ਤੂੰ ਨਾ ਸਮਝੇਂ, ਫਨੀਅਰ ਪੁਣਾ ਦਿਖਾਈ ਜਾਵੇਂ
ਨਾ ਬਖ਼ਸ਼ੇ ਨਾ ਛੱਡੇ ਕਿਸੇ ਨੂੰ, ਜ਼ਹਿਰੀ ਡੰਗ ਚਲਾਈ ਜਾਵੇਂ

ਸਾਢੇ ਤਿੰਨ ਹੱਥ ਧਰਤੀ ਲੱਭ ਲੈ, ਜਿੱਥੇ ਤੈਂ ਆਖਰ ਲਿਟ ਜਾਣਾ
ਮੁੜ ਨੀ ਲੱਭਣੇ ਲਾਲ ਗੁਆਚੇ, ਤੂੰ ਆਖਿਰ ਉਥੇ ਮਿਟ ਜਾਣਾ

ਛੱਡ ਦੇ ਮੋਹ ਮਾਲਾ ਦੇ ਮਣਕੇ, ਆਪਣੇ ਆਪ ਨੂੰ ਚੰਗਾ ਕਰ ਲੈ
ਜਿੰਦ ਨਿਮਾਣੀ ਔਖੀ ਨਾ ਕਰ, ਗਾਗਰ ਦੇ ਵਿੱਚ 'ਸਾਗਰ' ਭਰ ਲੈ
✪✪

## ਜੀਵਨ ਜਾਚ

ਫੁੱਲਾਂ ਵਾਂਗੂੰ ਖਿੜਦੇ ਜਾਓ
ਖਿੜ ਖਿੜ ਮਹਿਕਾਂ ਵੰਡਦੇ ਜਾਓ

ਮਹਿਕਾਂ ਵਿੱਚ ਹੀ ਜੀਵਨ ਹੁੰਦੈ
ਜੀਵਨ ਜੋਤ ਜਗਾਉਂਦੇ ਜਾਓ

ਝੂਠ ਦਾ ਪੱਲਾ ਛੱਡ ਕੇ ਬੰਦਿਓ
ਸੱਚ ਦਾ ਪੱਲਾ ਫੜਦੇ ਜਾਓ

ਫੜ ਫੜ ਕੱਢੋ ਮਾੜਾ ਅੰਸਰ
ਮਾੜੇ ਨੂੰ ਨਾ ਕੋਲ ਬਿਠਾਓ

ਠੱਗੀ ਠੋਰੀ ਲਾਰਿਆਂ ਦੇ ਵਿੱਚ
ਸੱਜਣ ਠੱਗ ਨਾ ਬਣਦੇ ਜਾਓ

ਬੈਠੋ ਕੋਲ ਸੱਚੇ ਸੱਜਣ ਦੇ
ਸੱਜਣ ਦੇ ਨਾਲ ਤੁਰਦੇ ਜਾਓ

ਤੁਰ ਕੇ ਦੇਖੋ ਧਾਰ ਨੋਕ ਤੇ
ਨੋਕਾ ਝੋਕੀ ਨਾ ਵਧਾਓ

ਕੰਡਿਆਂ ਨਾਲ ਵੀ ਦੋਸਤੀ ਕਰਕੇ
ਦੋਸਤਾਂ ਵਾਲੀ ਜਾਂਚ ਸਿਖਾਓ

'ਸਾਗਰ' ਛੱਡ ਦੇ ਝਗੜੇ ਝੇੜੇ
ਝਗੜੇ ਨੂੰ ਪੱਟ ਮੂਲ ਗਵਾਓ
✪✪

## ਅਕ੍ਰਿਤਘਣ

ਕੀਤੇ ਨੂੰ ਜੋ ਭੁੱਲ ਜਾਵਣ ਫਿਰ,
ਅਕ੍ਰਿਤਘਣ ਉਹ ਨੇ ਹੁੰਦੇ,
ਦਿਲੋਂ ਨਾ ਕਰਦੇ ਕੁਝ ਕਿਸੇ ਦਾ,
ਪਾਸਾ ਵਟਦੇ ਰਹਿੰਦੇ।

ਇੱਕ ਨੇ ਪੀ ਕੇ ਪਾਣੀ ਦੀ ਥਾਂ,
ਦੁੱਧ ਪਿਆਉਣ ਦੀ ਕੋਸ਼ਿਸ਼ ਕਰਦੇ,
ਇੱਕ ਨੇ ਛੱਕ ਕੇ ਦੁੱਧ ਮਿਲਾਈਆਂ,
ਪਾਣੀ ਪਿਆਉਣ ਦਾ ਨਾ ਨਹੀਂ ਲੈਂਦੇ।
ਮੇਹਨਤ ਕਰਨੀ ਉਹ ਨਾ ਜਾਣਨ,
ਕਿਸੇ ਆਸਰੇ ਉਹ ਨੇ ਜੀਂਦੇ।

ਅਕ੍ਰਿਤਘਣਾਂ ਦੀ ਗੱਲ ਕੀ ਕਰੀਏ,

ਥਾਂ ਥਾਂ ਤੇ ਮੁੱਕਰ ਨੇ ਜਾਂਦੇ,
ਹਰ ਥਾਂ ਧੋਖਾ ਹਰ ਥਾਂ ਲਾਰਾ,
ਮਗਰੋਂ ਪਿੱਠ ਦਿਖਾ ਨੇ ਜਾਂਦੇ,
ਰੱਬ ਬਚਾਵੇ ਇੰਨ੍ਹਾਂ ਕੋਲੋਂ,
ਦੋ ਝਕਾਨੀ ਭੱਜਦੇ ਨੇ ਰਹਿੰਦੇ।

ਕੀਤੇ ਦਾ ਮੁੱਲ ਤਾਰੋ ਯਾਰੋ,
ਇਸ ਵਿੱਚ ਹੈ ਵਡਿਆਈ,
ਦੱਬ ਕੇ ਮਾਲ ਬੇਗਾਨਾ ਦੱਸੋ,
ਕੌਣ ਬਣੂ ਹਰਜਾਈ,
'ਸਾਗਰ' ਅੰਤ ਭਲਾ ਹੀ ਹੁੰਦਾ,
ਜੋ ਉੱਠਦੇ ਕਰਦੇ ਬਹਿੰਦੇ।
✪✪

## ਸਾਵਣ ਦੀ ਪੀੜ

ਜਦੋਂ ਸੌਣ ਦੀ ਪੌਣ ਰੁਮਕਦੀ,
ਤੇਰੀ ਯਾਦ ਦਾ ਹੁਲਾਰਾ ਆਂਦਾ,
ਮਨ ਡੁੱਬਿਆ ਗਮਾਂ 'ਚ,
ਗੀਤ ਬ੍ਰਿਹਾਂ ਦਾ ਗਾਂਦਾ,

ਗਮਾਂ ਦੀ ਕਾਲੀ ਰਾਤ ਨੇ,
ਮਨ ਮੋਰ ਨੂੰ ਡਰਾਇਆ,
ਸਵਾਤ ਬੂੰਦ ਨੂੰ ਤੜਪਦਾ,
ਪਾਪੀ ਪਪੀਹਾ ਤ੍ਰਿਹਾਇਆ।

ਤੇਰੇ ਜੋਬਨ ਦੀ ਬਿਜਲੀ ਕੜਕਦੀ,
ਮੇਰੇ ਹੰਝੂਆਂ ਤੇ ਪਈ ਲਸ਼ਕਦੀ,
ਜ਼ੁਲਫ਼ਾਂ ਦੀ ਕਾਲੀ ਘਟਾ 'ਚ
ਜਿੰਦ ਪਈ ਨਿਮਾਣੀ ਫੜਕਦੀ।

ਪੀੜਾਂ 'ਚ ਡੁੱਬੇ ਸਾਵਣ ਨੇ,
ਇੰਝ ਹੀ ਵਰ੍ਹਦੇ ਰਹਿਣੈ,
ਤੂੰ ਆਪੇ ਮਲ੍ਹਾਰ ਗਾ ਲਈਂ,
'ਸਾਗਰ' ਨੇ ਸੁਣਦੇ ਰਹਿਣੈ।
✪✪

## ਪਾੜਾ

ਤੂੰ ਅਮੀਰ ਮੈਂ ਗਰੀਬ
ਤੇਰਾ ਮੇਰਾ ਮੇਲ ਵੀ ਕੀ ਏ
ਤੇਰੇ ਮਨ ਵਿੱਚ ਘੋੜੇ ਦੌੜਨ
ਮੇਰੇ ਢਿੱਡ ਵਿੱਚ ਚੂਹੇ

ਤੈਨੂੰ ਭੁੱਖ ਮਾਇਆ ਦੀ ਖਾਏ
ਮੈਨੂੰ ਪਈ ਗਰੀਬੀ ਸਤਾਏ
ਤੂੰ ਮਾਇਆ ਵਿੱਚ ਅੰਨਾ ਬੋਲਾ
ਗਿਆਨ ਨਾ ਸੁਣਹੀ ਰੋਲ ਘਚੋਲਾ

ਮੈਥੋਂ ਰੋਟੀ ਅੱਗੇ ਅੱਗੇ
ਕਿਸਮਤ ਮਾੜੀ ਪਾਟੇ ਝੱਗੇ
ਕਿਰਤ ਕਮਾਈ ਮੇਰਾ ਗਹਿਣਾ
ਤੂੰ ਚੁੱਭਿਆ ਕੰਡਾ ਨੀ ਸਹਿਣਾ

ਕਾਰਾਂ ਕੋਠੀਆਂ ਵਿੱਚ ਤੂੰ ਰਹਿਣੈ
ਤਾਂਹੀਓ ਮੈਨੂੰ ਪਾਗਲ ? ਕਹਿਣੈ
ਚੋਰ ਸਾਧ ਤੂੰ ਇੱਕੋ ਜਾਣੇ
ਮੈਂ ਰਹਿੰਦਾ ਕੁਦਰਤ ਦੇ ਭਾਣੇ

ਤੇਰਾ ਮੁੱਖ ਪੈਸੇ ਦਾ ਧੰਦਾ
ਮੈਂ ਕਿਸਮਤ ਦਾ ਕੋਸਿਆ ਬੰਦਾ
ਪੈਰ ਪੈਰ ਤੇ ਝੂਠ ਤੂੰ ਬੋਲੇਂ
ਲਿਆਕਤ ਨੂੰ ਤੱਕੜੀ ਨਾਲ ਤੋਲੇਂ

ਦਸਾਂ ਨੌਂਹਾਂ ਦੀ ਕਿਰਤ ਕਮਾਵਾਂ
ਨਾਲੇ ਰੱਬ ਦਾ ਸ਼ੁਕਰ ਮਨਾਵਾਂ
ਮੈਨੂੰ ਮੇਰਾ ਕੰਮ ਪਿਆਰਾ
ਤੈਨੂੰ ਆਪਣਾ ਚੰਮ ਪਿਆਰਾ

ਨੀਂਦ ਚੈਨ ਦੀ ਮੈਂ ਫਿਰ ਸੌਂਦਾ
ਤੂੰ ਡਿਪਰੈਸ਼ਨ ਵਿੱਚ ਹੈ ਰਹਿੰਦਾ
ਨੇਕ ਕਮਾਈ ਕਰ ਲੈ ਬੰਦੇ
ਛੱਡ ਕੇ ਸਾਰੇ ਮਾੜੇ ਧੰਦੇ

ਫਿਰ ਤੈਨੂੰ ਕੋਈ ਆਂਚ ਨਾ ਆਵੇ
'ਸਾਗਰ' ਪੱਧਰਾ ਜੀਵਨ ਪਾਵੇ
✪✪

## ਪੀੜੀ ਦਰ ਪੀੜੀ

ਪੀੜੀਆਂ ਦਰ ਪੀੜੀਆਂ
ਅਸੀਂ ਆਉਂਦੇ ਰਹਿੰਦੇ
ਵਿਰਸੇ ਖਾਨਦਾਨੀਆਂ
ਅਸੀਂ ਨਹੀਂ ਨਿਭਾਉਂਦੇ

ਘਰ ਵਿੱਚ ਤੇਜ ਪ੍ਰਤਾਪ ਸੀ ਹੁੰਦਾ
ਰੱਬ ਵਰਗੇ ਬਾਬੇ ਦਾ
ਹੁਣ ਸਭ ਕੁੱਝ ਭੁੱਲ ਭੁਲਾ

ਮਨ ਮਰਜ਼ੀ ਦੇ ਸੋਹਲੇ ਗਾਉਂਦੇ

ਕੁਸਕ ਨਾ ਸਕਦਾ ਕੋਈ ਭੀ
ਨਾ ਸਿਆਣੇ ਦੇ ਅੱਗੇ
ਹੁਣ ਡਿਸਕੋ ਭੰਗੜੇ ਪਾ
ਬੁਦਰੀਆਂ ਮੁਨਵਾ ਬੁਰੇ ਹਾਲ ਬਣਾਉਂਦੇ

ਨੂਹ ਧੀ ਸਹੁਰਾ ਜੇਠ ਭਾਬੀਆਂ
ਬਿਨਾਂ ਸ਼ਰਮ ਤੋਂ ਨੱਚਦੇ ਗਾਉਂਦੇ
ਲੈ ਸਭਿਅਤਾ ਪੱਛਮ ਦੀ ਰਲ
ਕਲਚਰ ਤਾਈਂ ਦਾਗ ਨੇ ਲਾਉਂਦੇ

ਦਾਦੀ ਮਾਂ ਦੀ ਸੋਟੀ ਮੂਹਰੇ
ਨੂਹਾਂ ਧੀਆਂ ਸੀ ਖੂੰਜੇ ਲੁਕਦੀਆਂ
ਸਭ ਕੁੱਝ ਹੁਣ ਤਾਂ ਟੰਗ ਛਿੱਕੇ ਤੇ
ਭੋਗ ਜਿਉਂਦੀ ਦਾ ਪਾਉਂਦੇ

ਜੇਕਰ ਅੱਜ ਦੇ ਰਾਮ ਰੌਲੇ ਵਿੱਚ
ਏਦਾਂ ਰਹੇ ਗੁਆਚੇ
ਨਾ ਵਿਰਸਾ, ਨਾ ਸੱਭਿਆਚਾਰ, ਜਾਵਾਂਗੇ ਸਰਾਪੇ
'ਸਾਗਰ' ਚੰਗੇ ਖਾਨਦਾਨਾਂ ਨੂੰ ਤਾਹੀਂਓ ਸੀਸ ਨਿਵਾਉਂਦੇ
✪✪

## ਮਜ਼ਬੂਰੀ - ਮਗਰੂਰੀ

ਮਾੜੀ ਕਿਸਮਤ ਮਾੜੇ ਲੇਖ ਲਿਖਾਏ
ਹੱਡ ਭੰਨਣੀ ਮਿਹਨਤ ਕੀਤੀ
ਫਿਰ ਵੀ ਪਾਟੇ ਚੀਥੜੇ
ਤਨ ਉੱਤੇ ਹੰਡਾਏ

ਧੁੱਪ ਚਮਕਦੀ ਸੜਕਾਂ ਕੰਢੇ
ਪੁੱਲਾਂ ਦੇ ਹੇਠਾਂ ਜ਼ਿੰਦਗੀ ਰੁਲਦੀ
ਵੱਡੇ ਉੱਚੇ ਮਹਿਲ ਬਣਾ ਕੇ
ਝੁੱਗੀਆਂ ਸੰਗ ਸਭ ਕੁੱਝ ਹੈ ਭੁੱਲਦੀ
ਖੁਸ਼ੀਆਂ ਗਮੀਆਂ ਕਰ ਸਭ ਕੱਠੀਆਂ
ਭੁੱਲ ਜਾਵਣ ਭੁੱਲ ਭੁਲਾਏ

ਭੱਠਿਆਂ ਉੱਤੇ ਗਰਮੀ ਸਰਦੀ
ਬਚਪਨ ਜ਼ੋਬਨ ਰਲ ਬੁਢਾਪਾ ਘੱਟਾ ਢੋਂਹਦੇ
ਬੱਚੇ ਤੋਂ ਬੁੱਢੇ ਰਲ ਕੰਮ ਦਾ
ਠੇਕੇਦਾਰ ਨੂੰ ਠੇਕਾ ਦਿੰਦੇ
ਮਿੱਟੀ ਸੰਗ ਤਨ ਮਿੱਟੀ ਹੋ ਕੇ
ਕਿਸਮਤ ਨੂੰ ਅਜਮਾਏ

ਮਹਿਲ ਮਾੜੀਆਂ ਨਫ਼ਰਤ ਪਲਦੀ
ਪਿਆਰ ਨਾ ਰਤਾ ਝਲਕੇ
ਹਰ ਦਿਨ ਨਵੇਂ ਤੋਹਫੇ ਨੇ ਮਿਲਦੇ
ਫਿਰ ਵੀ ਖੰਭ ਨਾ ਫੜਕੇ
ਯੁੱਗ ਪਦਾਰਥਵਾਦੀ ਹੋ ਗਿਆ
ਆਪਸੀ ਤਾਲ ਮੇਲ ਨਾ ਭਾਏ

ਸਿਰੋਂ ਨੇ ਨੰਗੀਆਂ ਦੋਨੋ ਆਖਿਰ
ਮਜ਼ਬੂਰੀ ਮਗਰੂਰੀ ਕਾਰਨ
ਇੱਕ ਪਾਸੇ ਹੈ ਸਬਰ ਝਲਕਦਾ
ਦੂਜੇ ਲਾਲਚ ਪਿਆ ਲਸ਼ਕਦਾ
ਸਾਗਰ ਜ਼ਿੰਦਗੀ ਉਹ ਲੋਕਾਂ ਦੀ
ਜੋ ਮਿਹਨਤ ਕਰਕੇ ਖਾਏ
✪✪

## ਪੰਜਾਬੀ ਸੱਭਿਆਚਾਰ

ਨਾ ਚਾਟੀ 'ਚ ਮਧਾਣੀ ਨਾ ਪਿਪਲੀਂ ਨੇ ਪੀਘਾਂ
ਨਾ ਲੱਗਣ ਕਿਤੇ ਵੀ ਤੀਜ ਦੀਆਂ ਤੀਆਂ
ਤਾਈਓਂ ਨੀ ਲੱਭਦਾ ਕਿਤੇ ਗੁਰਬਤ ਨਾ ਪਿਆਰ
ਗਿਆ ਕਿੱਧਰ ਨੂੰ ਸਾਡਾ ਪੰਜਾਬੀ ਸੱਭਿਆਚਾਰ

ਕੋਈ ਨਾ ਪਰੋਸੇ ਸਾਨੂੰ ਗੁੜ ਘਿਉ ਤੇ ਸ਼ੱਕਰ
ਨਾ ਕੋਈ ਰਿਹਾ ਤਬੀਅਤ ਦਾ ਫੱਕਰ
ਆਪਸੀ ਸਾਂਝਾਂ ਹੋਈਆਂ ਰਫੂ ਚੱਕਰ
ਸਾਰਿਆਂ ਦੇ ਹੱਕ ਕੱਲਾ ਲੈਂਦਾ ਏ ਡਕਾਰ
ਗਿਆ ਕਿੱਧਰ ਨੂੰ......

ਪੁੱਛਦਾ ਨੀ ਦਿਲੋਂ ਕੋਈ ਹਾਲ ਕਿਸੇ ਦਾ
ਉੱਤੋਂ ਉੱਤੋਂ ਰੱਖਦਾ ਖਿਆਲ ਐਵੇਂ ਦਾ
ਮਤਲਬ ਦਾ ਬੇਲੀ ਮਾਲ ਹੋਵੇ ਕਿਸੇ ਦਾ
ਦਿਖਾਵੇ ਡਰਾਮੇ ਕਰਦਾ ਨਾਲੋ ਨਾਲ
ਗਿਆ ਕਿੱਧਰ ਨੂੰ......

ਇੱਕ ਦੂਜੇ ਤਾਂਈ ਲੋੜ ਖ਼ਤਮ ਹੁੰਦੀ ਜਾਵੇ
ਮਤਲਬ ਤੱਕ ਦੋਸਤੀ ਸੀਮਤ ਕਹਾਵੇ
ਚੰਗੀਆਂ ਰਵਾਇਤਾਂ ਨੂੰ ਛਿੱਕੇ ਟੰਗੀ ਜਾਵੇ
ਪੜਦਿਆਂ ਦੇ ਪਿੱਛੇ ਹੁੰਦਾ ਮਾੜਾ ਵਿਵਹਾਰ
ਗਿਆ ਕਿੱਧਰ ਨੂੰ.....

ਨਾ ਦੋਹੇ ਨਾ ਸਿੱਠਣੀਆਂ ਨਾ ਘੋੜੀ ਨਾ ਜੋੜੀ
ਨਾ ਵਿਆਹ ਵਾਲੀ ਭਾਜੀ ਕਦੇ ਕਿਸੇ ਮੋੜੀ
ਨਾ ਖਾਂਦਾ ਕੋਈ ਖੁਰਚ ਚਾਟੀ 'ਚੋਂ ਘਰੋੜੀ
ਨਾ ਪਿੱਠਾਂ ਤੇ ਲਾਉਂਦਾ ਥਾਪੇ ਦਾ ਵਿਹਾਰ

ਗਿਆ ਕਿੱਧਰ ਨੂੰ......

ਨਾ ਕੋਈ ਜੰਞ ਬੰਨੇ ਨਾ ਕੋਈ ਖੱਟ ਤੇ ਬੈਠੇ
ਨਾ ਕੋਈ ਪੱਤਲ ਦੇਵੇ ਨਾ ਦਿਉਰ ਪੱਟ ਤੇ ਬੈਠੇ
ਨਾ ਘੁੰਡ ਚੁਕਾਈ ਨਾ ਪਰਾਉਂਠੇ ਖਵਾਈ
ਬੱਸ ਹਨੀਮੂਨ ਲਈ ਹੁੰਦਾ ਸ਼ਿਮਲੇ ਨੂੰ ਤਿਆਰ
ਗਿਆ ਕਿੱਧਰ ਨੂੰ......

ਨਾ ਬੋਤੇ ਤੇ ਬਹਿਣਾ, ਨਾ ਗੱਡੇ ਤੇ ਚੜ੍ਹ ਨਾ
ਨਾ ਨਰਮ ਕਾਲਜੇ ਦਾ ਫਿਰ ਧੜਕਣਾ
ਨਾ ਸੱਗੀ ਫੁੱਲਾਂ ਦਾ ਸੁੱਭਰ ’ਚੋਂ ਉਭਰਨਾ
‘ਸਾਗਰ’ ਬੱਸ ਸੱਧਰਾਂ (ਰਸਮਾਂ) ਨੂੰ ਦਿੱਤਾ ਵਿਸਾਰ
ਗਿਆ ਕਿੱਧਰ ਨੂੰ......
✪✪

## ਪੱਥਰ ਦੀ ਪੁਕਾਰ

ਵੇ ਬੁੱਤ ਘਾੜਿਆ ਮੇਰੇ ਤਨ ਦੀ ਮਿੱਟੀ ਨਾ ਰੋਲ
ਵਧੀਆ ਵਧੀਆ ਬੁੱਤ ਘੜਿਆ ਕਰ ਤੂੰ
ਜੋ ਜ਼ਿੰਦਗੀ ਦੇ ਬਨਣ ਸਮਤੋਲ

ਬਹੁਤ ਘੱਟ ਕਿਸੇ ਲੀਡਰ ਦਾ ਤੂੰ ਬੁੱਤ ਬਣਾਈ
ਰਾਜਨੀਤੀ ਦੀ ਖੇਡ ਵਿੱਚ ਮੇਰਾ ਤਨ ਨਾ ਰੁਲਾਈ
ਕੱਢ ਕੇ ਮਤਲਬ ਆਪਣਾ ਜੋ ਬੋਲਣ ਬੋਲ ਕਬੋਲ
ਵੇ ਬੁੱਤ ਘਾੜਿਆ......

ਸਭ ਤੋਂ ਪਿਆਰਾ ਬੁੱਤ ਤੂੰ ਸ਼ਹੀਦ ਦਾ ਘੜ ਵੇ
ਦੇਸ ਕੌਮ ਦੀ ਖਾਤਰ ਜੋ ਜਾਂਦਾ ਲੜ ਵੇ
ਘਰ ਬਾਰ ਬੱਚੇ ਤਿਆਗ ਸਰਹੱਦ ਤੇ ਖੜ੍ਹੇ ਅਡੋਲ
ਵੇ ਬੁੱਤ ਘਾੜਿਆ......

ਇੱਕ ਬੁੱਤ ਘੜ ਕੇ ਦੇ ਜੋ ਮੂੰਹੋਂ ਬੋਲੇ
ਰਹੇ ਹਮੇਸ਼ਾ ਸ਼ਾਂਤ ਪਰ ਭੇਦ ਬੁਰਿਆਂ ਦੇ ਖੋਲ੍ਹੇ
ਕਰਦੇ ਚੋਰ ਬਾਜ਼ਾਰੀ ਜੋ ਉੱਪਰੋਂ ਬਨਣ ਕੁੱਝ ਹੋਰ
ਵੇ ਬੁੱਤ ਘਾੜਿਆ......

ਬਹੁਤ ਤਰ੍ਹਾਂ ਦੇ ਬੁੱਤ ਤੇ ਪੱਥਰ ਦੁਨੀਆਂ ਵਿੱਚ ਨੇ ਲੱਗਦੇ ਆਏ
ਕੁੱਝ ਨੂੰ ਪੁਜਿਆ ਕੁੱਝ ਨੂੰ ਤੋੜਿਆ ਕਿਸੇ ਨੂੰ ਉਹ ਨਾ ਭਾਏ
ਪੱਥਰਾਂ ਵਿੱਚ ਵੀ ਰੱਬ ਹੈ ਵਸਦਾ ਧੰਨੇ ਸਿਮਰਿਆ ਟੋਲ
ਵੇ ਬੁੱਤ ਘਾੜਿਆ......

ਲੋਕਾਂ ਦੀ ਵੀ ਜ਼ਿੰਦਗੀ ਯਾਰੋ ਪੱਥਰਾਂ ਵਰਗੀ ਹੋਈ
ਹਰ ਕੋਈ ਡਰਦਾ ਇੱਕ ਦੂਜੇ ਤੋਂ ਬੁਰਾ ਨਾ ਆਖੇ ਕੋਈ
‘ਸਾਗਰ’ ਵਕਤ ਲੰਘਾਵਣ ਸਾਰੇ ਬਣ ਬਣ ਕੇ ਅਣਭੋਲ

ਵੇ ਬੁੱਤ ਘਾੜਿਆ

✪✪

## ਚਾਂਦੀ ਦੀ ਜੁੱਤੀ

ਹਰ ਕੋਈ ਭਾਲੇ ਮਾਲ ਲੁੱਟ ਦਾ
ਹਰ ਥਾਂ ਲੱਭੇ ਚੋਰ ਮੋਰੀ
ਬਿਨ ਪੈਸੇ ਕੋਈ ਕੰਮ ਨੀ ਕਰਦਾ
ਕਰਦਾ ਰਿਸ਼ਵਤ ਖੋਰੀ, ਸੀਨਾ ਜ਼ੋਰੀ

ਦਫ਼ਤਰ ਵਾਲੇ ਬਾਬੂ ਨਿੱਤ ਦਿਨ
ਸੌਂਹ ਰਿਸ਼ਵਤ ਦੀ ਖਾ ਕੇ ਆਉਂਦੇ
ਰਿਸ਼ਵਤ ਸਾਡੀ ਅੰਮਾ ਜਾਈ
ਹਰ ਇੱਕ ਨੂੰ ਅਹਿਸਾਸ ਕਰਾਉਂਦੇ
ਫਾਈਲ ਅਧੂਰੀ ਤੇਰੀ ਮਿੱਤਰਾ
ਪਊ ਤੋਰਨੀ ਤੇਰੀ......

ਅਸੀਂ ਵੀ ਕੁੱਝ ਹਾਂ ਦੇ ਕੇ ਲੱਗੇ
ਕੋਟਾ ਪੂਰਾ ਕਰਨਾ ਪਿਆਰੇ
ਹੇਠਾਂ ਤੋਂ ਉੱਪਰ ਤੱਕ ਜਾਂਦਾ
ਗਿੱਟਮਿੱਟ ਵਾਲਾ ਮਾਲ ਪਿਆਰੇ
ਚਾਹ ਪਾਣੀ ਕਰ ਛੇਤੀ ਸਾਡਾ
ਮੰਗੀ ਨਾ ਕਣਕ ਦੀ ਬੋਰੀ......

ਜੇਕਰ ਲੈਣੀ ਰਿਸ਼ਵਤ ਮਾੜੀ
ਤਾਂ ਸੁਣ ਸਾਡੀ ਰਾਮ ਕਹਾਣੀ
ਪੈਸੇ ਦੇ ਕੇ ਲੱਗੇ ਮਿੱਤਰਾ
ਪੈਸੇ ਲੈਂਦੇ ਫੜੇ ਵੀ ਜਾਈਏ
ਪੈਸੇ ਦੇ ਕੇ ਫਿਰ ਛੁੱਟ ਜਾਂਗੇ
ਇਹ ਕਿਹੜੀ ਕਮਜ਼ੋਰੀ......

ਮੈਰਿਟ ਮਿਹਨਤ ਇਮਾਨਦਾਰੀ ਦਾ
ਮੁੱਲ ਰਿਹਾ ਨਾ ਕੌਡੀ
ਚਾਂਦੀ ਦੀ ਜੁੱਤੀ ਨੇ ਲੋਕਾਂ ਦੀ
ਸੋਚ ਨੂੰ ਕੀਤਾ ਬੌਡੀ
ਪਰਸੂ ਪਰਸਾ ਪਰਸ ਰਾਮ ਨੇ
ਸਾਗਰ ਲਿਆਂਦੀ ਨ੍ਹੇਰੀ

✪✪

## ਇਨਸਾਨ

ਇੱਜ਼ਤ ਅਣਖ ਸ਼ਰਮ ਤੇ ਲਾਜ
ਜਿਸ ਜ਼ਿੰਦਗੀ ਵਿੱਚ ਹੁੰਦੇ
ਵਿਕਦੇ ਨਾ ਉਹ ਜ਼ਿੰਦਗੀ ਦੇ ਵਿੱਚ

ਸਭ ਥਾਂ ਮਾਣ ਕਰੇਂਦੇ

ਕਈ ਨੇ ਲਾਜਵੰਤੀ ਦੇ ਬੂਟੇ
ਹੱਥ ਲਾਇਆਂ ਮੁਰਝਾਉਂਦੇ
ਮਿੱਠ ਬੋਲੜੇ ਚੰਗੀ ਸੀਰਤ
ਹਰ ਇੱਕ ਦੇ ਮਨ ਭਾਉਂਦੇ
ਸ਼ੀਸ਼ੇ ਵਰਗੀ ਸੂਰਤ ਵਾਲੇ
ਮੂੰਹੋਂ ਨਾ ਕੁੱਝ ਕਹਿੰਦੇ......

ਕੁਦਰਤ ਨੇ ਬਨਸਪਤੀ ਵਿੱਚ
ਫਲ ਫੁੱਲ ਬੂਟੇ ਬਹੁਤ ਉਗਾਏ
ਜੀਵਨ ਦੇ ਲਈ ਸਭ ਕੁੱਝ ਦਿੱਤਾ (ਬਖਸ਼ਿਆ)
ਹਰ ਬਲਿਹਾਰੇ ਜਾਏ
ਚੰਦਨ ਰੁੱਖ ਖੁਸ਼ਬੂਆਂ ਵੰਡਣ
ਨਾਗ ਵੀ ਲਿਪਟੇ ਰਹਿੰਦੇ......

ਨਦੀਆਂ, ਝਰਨੇ, ਦਰਿਆ, ਸਮੁੰਦਰ
ਵਿੱਚ ਰਵਾਨੀ ਵਗਦੇ ਰਹਿੰਦੇ
ਰੋਕਿਆ ਰੁਕਦੇ ਕਦੇ ਭੀ ਨਾਹੀ
ਲੰਬੇ ਪੈਂਡੇ ਮਾਰ ਮੁਕੇਂਦੇ
ਆਖਿਰ ਨੂੰ ਮੰਜ਼ਿਲ ਤੇ ਜਾ ਕੇ
'ਸਾਗਰ' ਵਿੱਚ ਸਮੇਂਦੇ
✪✪

## ਕੈਂਚੀ

ਹਰ ਜ਼ੁਬਾਨ ਕੌੜੇ ਮਿੱਠੇ ਬੋਲਾਂ ਨੂੰ
ਕੈਂਚੀ ਦੀ ਤਰ੍ਹਾਂ ਕੱਟਦੀ
ਕੋਈ ਪਿਆ ਕੁੱਝ ਆਖੀਂ ਜਾਵੇ
ਕਹਿਣ ਤੋਂ ਨਾ ਹਟ ਦੀ......

ਆਪਣੀ ਮੰਜੀ ਹੇਠਾਂ ਯਾਰੋ
ਕੋਈ ਨਾ ਸੋਟਾ ਫੇਰੇ
ਗੋਡੇ ਲੱਗੇ ਗਿੱਟੇ ਲੱਗੇ
ਚਰਚਾ ਕਰਨ ਬਥੇਰੇ
ਆਪਣੇ ਮੂੰਹ ਬਣ ਮੀਆਂ ਮਿੱਠੂ
ਮਾੜਾ ਚੰਗਾ ਦਸਦੀ......
ਕੈਂਚੀ ਤਾਂ ਕੱਪੜਾ ਕੱਟ ਕੱਟ ਕੇ
ਨੰਗਾ ਤਨ ਪਿਆ ਢੱਕਦੀ
ਮਾੜੇ ਬੋਲ ਜ਼ੁਬਾਨ 'ਚੋਂ ਨਿਕਲੇ
ਡੂੰਘੇ ਫੱਟ ਮੇਲ ਨਾ ਸਕਦੀ
ਸਹਿਜ ਸੁਭਾ ਬੋਲੇ ਜਦ ਬੰਦਾ
ਫਿਰ ਜ਼ਿੰਦਗੀ ਹੈ ਹੱਸਦੀ......

ਇੱਕ ਨੇ ਮਾੜਾ ਬੋਲਣ ਵਾਲੇ
ਸਾਰੀ ਜ਼ਿੰਦਗੀ ਝੱਖ ਪਏ ਮਾਰਨ
ਇੱਕ ਨੇ ਆਪਣੀ ਧੁਨ ਦੇ ਪੱਕੇ
ਨਾਲ ਨਾ ਕਿਸੇ ਵਿਗਾੜਨ
ਖੰਡ ਮਿਸ਼ਰੀ ਬੋਲਾਂ ਦੀ ਬੋਲੀ
ਹਰ ਇੱਕ ਨੂੰ ਹੈ ਜੱਚਦੀ......

ਕੈਂਚੀ ਅਤੇ ਜ਼ੁਬਾਨ 'ਚ ਮਿੱਤਰੋ
ਫ਼ਰਕ ਬੜਾ ਹੀ ਡਾਹਢਾ
ਕੈਂਚੀ ਬੇ-ਜ਼ੁਬਾਨ ਹੈ ਚਲਦੀ
ਫਿੱਕੀ ਜ਼ੁਬਾਨ ਦਾ ਰਸ ਕਾਹਦਾ
ਸੰਜ਼ਮ ਭਰੀ ਜ਼ੁਬਾਨ ਜਿੰਨ੍ਹਾਂ ਦੀ
ਸਾਗਰ ਭੇਦ ਲੁਕਾ ਕੇ ਰੱਖਦੀ......
✪✪

## ਕਾਣੀ ਵੰਡ

ਕਾਣੀ ਵੰਡ ਦਾ ਹੱਲ ਕਦੇ ਵੀ ਹੋਣਾ ਨੀ
ਸਾਲਾਂ ਬੱਧੀ ਲੰਘੀਂ ਜਾਵਣ ਏਦਾਂ ਸਾਲ
ਐਸਾਂ ਕਰਦੇ ਮੌਜਾਂ ਲੁੱਟਦੇ ਰਿਸ਼ਵਤ ਖੋਰ
ਚੱਕੀ ਪੀਂਹਦੇ ਵਕਤ ਲੰਘਾਉਂਦੇ ਗਰੀਬ ਕੰਗਾਲ (ਭੋਲੇ ਲਾਲ)
ਡੁੱਬ ਗਈ ਦੁਨੀਆਂ ਫੈਸ਼ਨ ਦਾ ਕੋਈ ਹੱਜ ਨਹੀਂ
ਮਾੜੇ ਦਾ ਤਾਂ ਹੋਈ ਜਾਂਦਾ ਬੁਰਾ ਈ ਹਾਲ
ਨਵੇਂ ਨਕੋਰ ਕੱਪੜੇ ਤਨ ਤੇ ਪਾਈ ਜਾਂਦੇ ਲਾਹੀ ਜਾਂਦੇ
ਐਪਰ ਪਾਟੇ ਚੀਥੜਿਆਂ ਦੀ ਲੈਂਦਾ ਕੋਈ ਨਾ ਸਾਰ
ਦਿਨ ਵਿੱਚ ਤਿੰਨ ਤਿੰਨ ਵਾਰੀ ਬਦਲ ਪੁਸ਼ਾਕਾਂ ਇਹ
ਪਰ ਮਿੱਟੀ ਵਿੱਚ ਰੁਲਦੇ 'ਸਾਗਰ' ਮਾਣਕ ਮੋਤੀ ਲਾਲ
✪✪

## ਧੱਕਾ

ਹਾਏ ਧੱਕਾ ਹਾਏ ਧੱਕਾ
ਹਾਏ ਧੱਕੇ ਪੈਣ
ਇੱਕ ਪਾਸੇ ਨੇ ਰੰਗ ਤਮਾਸ਼ੇ
ਦੂਜੇ ਪਾਸੇ ਵੈਣ

ਇੱਕ ਪਾਸੇ ਨੇ ਪੁੱਤ ਗੁਆਚੇ
ਦੂਜੇ ਗੁਆਚੀ ਭੈਣ
ਹਰ ਪਾਸਿਓਂ ਲੁੱਟਦੇ ਲੋਕਾਂ ਨੂੰ
ਰਾਤ ਦਿਨੇ ਨਾ ਚੈਨ

ਮੱਛੀ ਵਾਂਗ ਹਾਲੇ ਵੀ ਤੜਪਣ
ਕਦੇ ਨਾ ਪੂਰੀ ਪੈਣ
ਵੱਡੇ ਵੱਡੇ ਢਿੱਡਾਂ ਵਾਲੇ

ਆਫਰ ਆਫਰ ਰਹਿਣ

ਇੱਕ ਦੂਜੇ ਨੂੰ ਧੱਕੇ ਮਾਰਨ
ਮੂੰਹੋਂ ਨਾ ਕੁੱਝ ਕਹਿਣ
ਆਦਮ ਨੂੰ ਆਦਮ ਹੈ ਖਾਂਦਾ
ਭਲੀ ਨਾ ਗੁਜ਼ਰੇ ਰੈਣ

ਲੁੱਟ ਮਾਰ ਕਰਦਾ ਹੈ ਜਿਹੜਾ
ਉਹੀ ਸਾਧ ਦਾ ਚੇਲਾ
ਲੱਖ ਮਿਹਨਤਾਂ ਹੱਡ ਤੁੜਾਕੇ
ਪੈਂਦਾ ਪੱਲੇ ਨਾ ਧੇਲਾ

ਕਦੇ ਤਾਂ ਹੇਠਲੀ ਉੱਪਰ ਆਊ
ਲੋਕਾਂ ਦੀ ਹੈ ਭਾਖਾ
ਲੱਖ ਲਾਹਨਤਾਂ ਕਰਨ ਜੋ ਧੱਕਾ
'ਸਾਗਰ' ਰੱਬ ਤੇਰਾ ਰਾਖਾ
✪✪

## ਚੋਰ-ਸਾਧ

ਚੋਰ ਸਾਧ ਦੀ ਇੱਕੋ ਗੱਲ
ਚੋਰ ਆਪਣੀ ਚਤੁਰਾਈ ਨਾਲ
ਸਾਧ ਆਪਣੀ ਵਡਿਆਈ ਨਾਲ
ਜਾਲ 'ਚ ਆਪਣੇ ਪਾ ਲੈਂਦੇ ਨੇ
ਤੀਜੀ ਦੁਨੀਆਂ ਦਿਖਾ ਦਿੰਦੇ ਨੇ

ਹਰ ਇੱਕ ਬੰਦਾ ਚੋਰ ਦਾ ਸਾਥੀ
ਮਨ ਚਿੱਤ ਚੋਰ ਸਕੀਮਾਂ ਘੜਦਾ
ਬਾਹਰੋਂ ਸੂਰਤ ਚੰਗੀ ਰੱਖ ਕੇ
ਸੀਰਤ ਰਾਹੀਂ ਮਾੜਾ ਕਰਦਾ
ਫਸ ਜਾਵੇ ਜਦ ਪਾੜਦੇ ਉਪਰੋਂ
ਅਸਲੀ ਰੰਗ ਵਿਖਾ ਦਿੰਦੇ ਨੇ

ਅੱਜ ਦੇ ਸਾਧ ਵਿਖਾਵੇ ਵਾਲੇ
ਸਜ ਬਜ ਕੇ ਸੂ ਫੈਂ ਨੇ ਕਰਦੇ
ਰੰਗ ਬਰੰਗੇ ਚੋਲੇ ਪਾ ਕੇ
ਰਾਜੇ ਜੋਗੀ ਬਣ ਬਣ ਬਹਿੰਦੇ
ਕਹਿਣੀ ਕਰਣੀ ਵਿੱਚ ਅੰਤਰ ਬਾਹਲਾ
ਦਾਗ ਚੋਲੇ ਨੂੰ ਲਾ ਬਹਿੰਦੇ ਨੇ

ਕਿਰਤ ਕਮਾਈ ਕਰਦੇ ਜਿਹੜੇ
ਕਦੇ ਉਹਨਾਂ ਦੀ ਸੁਣੀ ਤਾਂ ਜਾਊ
ਵਹਿਮਾਂ ਭਰਮਾਂ ਵਿੱਚੋਂ ਨਿਕਲਕੇ
ਜਦ ਖਲਕਤ ਸਿੱਧੇ ਰਾਹ ਆਊ

ਨਾ ਕੋਈ ਮੰਨੂੰ ਚੋਰ ਸਾਧ ਦੀ
'ਸਾਗਰ' ਢੌਂਗ ਰਚਾ ਜੋ ਬਹਿੰਦੇ ਨੇ
✪✪

## ਹੌਂਕੇ

ਚੰਦਰੇ ਹੌਂਕੇ ਬੰਦੇ ਨੂੰ ਵੀ ਕਦੇ ਜੀਣ ਨਾ ਦੇਂਦੇ
ਮਾੜੀ ਸੋਚ 'ਚ ਪਾ ਬੰਦੇ ਨੂੰ
ਬਲ ਬੁੱਧ ਹੀਣ ਕਰ ਦੇਂਦੇ

ਕੁੱਤਿਆਂ ਵਾਂਗੂੰ ਲਾਲਾਂ ਸੁੱਟਣ ਨੀਤ ਨਾ ਭਰਦੀ ਕਾਈ
ਚੁਗਲੀ ਨਿੰਦਿਆ ਕਰ ਕਰ ਥੱਕਦੇ ਪੱਲੇ ਨਾ ਪੈਂਦੀ ਰਾਈ
ਆਦਤ ਤੋਂ ਮਜ਼ਬੂਰ ਹੋ ਕੇ ਜਦ ਸੌ ਸੌ ਪਾਪ ਕਰੇਂਦੇ
ਚੰਦਰੇ ਹੌਂਕੇ......

ਕੁੱਝ ਲੋਕਾਂ ਦੀ ਆਦਤ ਭੈੜੀ ਮਨ ਹੌਕਿਆਂ ਸੰਗ ਰਹਿੰਦਾ
ਬੇਸ਼ੱਕ ਹੋਵਣ ਕੋਠੀ ਦਾਣੇ ਦੂਜੇ ਕੋਲ ਨਾ ਰੱਤੀ ਸਹਿੰਦਾ
ਐਵੇਂ ਕਰ ਮੋਟੇ ਮੂੰਹ ਆਪਣੇ ਨੂੰ ਮਣ ਮਣ ਰੋਸ ਕਰੇਂਦੇ
ਚੰਦਰੇ ਹੌਂਕੇ......

ਹੌਂਕੇ ਸੱਜਣ ਦੇ ਝੱਲ ਨਾ ਹੁੰਦੇ ਸੱਲ ਜੁਦਾਈਆਂ ਪਾਉਂਦੇ
ਹੌਕਿਆਂ ਸੰਗ ਹੌਂਕੇ ਜਦ ਮਿਲਦੇ ਹੰਝੂਆਂ ਮੀਂਹ ਵਰ੍ਹਾਉਂਦੇ
ਕੌੜੇ ਮਿੱਠੇ ਮਾੜੇ ਚੰਗੇ ਹੌਂਕੇ ਮੇਲ ਕਰੇਂਦੇ
ਚੰਦਰੇ ਹੌਂਕੇ......

ਇੱਕ ਹੌਂਕੇ ਕੱਢ ਕਾਲਜਾ ਲੈਂਦੇ ਜਦ ਭਾਣਾ ਵਰਤ ਜੇ ਕੋਈ
ਕੱਲਾ ਕੱਲਾ ਗਮ ਵਿੱਚ ਰੋਂਦਾ ਹਰ ਅੱਖ ਗਿੱਲੀ ਹੋਈ
ਫਿਰ ਹੌਕਿਆਂ ਦੀ ਦਰਦ ਕਹਾਣੀ ਯਾਦਾਂ ਸਿੱਲ੍ਹੀਆਂ ਕਰ ਦੇਂਦੇ
ਚੰਦਰੇ ਹੌਂਕੇ......

ਕੁੱਝ ਅੱਖਾਂ ਵਿੱਚ ਅੱਥਰੂ ਛਲਕਣ ਸਾਰ ਉਨ੍ਹਾਂ ਦੀ ਕੋਈ ਨਾ ਜਾਣੇ
ਪ੍ਰੀਤ ਮਿਲੇ ਜਾਂ ਦਰਦ ਵਿਛੋੜਾ ਫਿਰ ਵੀ ਰਹਿੰਦੇ ਰੱਬ ਦੇ ਭਾਣੇ
ਨਾ ਕੋਈ ਰਾਂਝਾ ਨਾ ਕੋਈ ਬੇਲੀ ਮੂਰਤ ਰੱਬ ਦੀ ਕਹਿੰਦੇ
ਚੰਦਰੇ ਹੌਂਕੇ.....

ਲਾਲਚ ਬੁਰੀ ਬਲਾ ਹੈ ਯਾਰੋ ਜੇਕਰ ਇਸ ਨੂੰ ਛੱਡੀਏ
ਬਣੇ ਮਿਸਾਲ ਇਨਸਾਨ ਦੀ ਜ਼ਿੰਦਗੀ ਹੌਂਕੇ ਮਨ 'ਚੋਂ ਕੱਢੀਏ
ਸਭ ਕੋਈ ਆਪੋ ਆਪਣਾ ਖਾਂਦਾ ਐਵੇਂ ਸਾਗਰ ਮਨ ਮੁਟੇਂਦੇ
ਚੰਦਰੇ ਹੌਂਕੇ......
✪✪

## ਕੁਰਸੀ

ਮੈਂ ਇੱਕ ਆਮ ਸਾਧਾਰਨ ਕੁਰਸੀ

ਚਾਰ ਲੱਤਾਂ ਦੋ ਬਾਹਾਂ
ਜਿਹੜਾ ਮੇਰੇ ਉੱਪਰ ਬਹਿੰਦਾ
ਹੋਰਾਂ ਨੂੰ ਰਖਦਾ ਠਾਹਾਂ

ਟੀਚਰ ਲੋਕ ਮੇਰੇ ਤੇ ਬਹਿ ਕੇ
ਬੱਚਿਆਂ ਨੂੰ ਪੜ੍ਹਾਉਂਦੇ
ਚੰਗੀ ਸਿੱਖਿਆ ਦੇ ਬੱਚਿਆਂ ਨੂੰ
ਜੀਵਨ ਸਫ਼ਲ ਬਣਾਉਂਦੇ
ਧੁੱਪੇ ਛਾਵੇਂ ਪਈ ਮੈਂ ਫਿਰ ਵੀ
ਦੁੱਖੜੇ ਝੱਲਦੀ ਜਾਵਾਂ......

ਲੀਡਰ ਲੋਕ ਮੇਰੇ ਤੇ ਬਹਿ ਬਹਿ
ਝੂਠੇ ਲਾਰੇ ਲਾਉਂਦੇ
ਧੜੇ ਬੰਦੀਆਂ ਝਗੜੇ ਝੇੜੇ
ਦੰਗੇ ਫਸਾਦ ਕਰਾਉਂਦੇ
ਜੇ ਮੈਂ ਆਪਣੀ ਆਈ ਤੇ ਆਵਾਂ
ਥੱਲਿਓਂ ਨਿੱਕਲ ਜਾਵਾਂ......

ਥਾਣੇਦਾਰ ਤਾਂ ਬੈਠ ਮੇਰੇ 'ਤੇ
ਬਾਹਲਾ ਰੋਹਬ ਚਲਾਵੇ
ਮੇਰੀ ਫਿਤਰਤ ਭੋਲੀ ਭਾਲੀ
ਉਹ ਬੰਦੇ ਕਤਲ ਕਰਾਵੇ
ਲੋਕੀਂ ਕਰਨ ਸਲਾਮਾਂ ਮੈਨੂੰ
ਮੈਂ ਸ਼ਰਮ ਨਾਲ ਸ਼ਰਮਾਵਾਂ......

ਰਾਜੇ ਰਾਣੇ ਰਾਜਗੱਦੀਆਂ
ਕੁਰਸੀ ਰੂਪ 'ਚ ਬਹਿੰਦੇ ਆਏ
ਰਾਵਣ ਵਰਗੇ ਪਾਪੀ ਬੰਦੇ
ਦਾਗ ਗੱਦੀ ਨੂੰ ਲਾਉਂਦੇ ਆਏ
ਭਰਤ ਹੁਰਾਂ ਨੇ ਰਾਮ ਚੰਦਰ ਦੀਆਂ
ਗੱਦੀ ਧਰੀਆਂ ਖੜਾਵਾਂ......

ਕੁਰਸੀ ਕੁਰਸੀ ਹਰ ਕੋਈ ਕਰਦਾ
ਕੁਰਸੀ ਬਿਨ੍ਹਾਂ ਚੈਨ ਨਾ ਆਵੇ
ਬਿਨ੍ਹਾਂ ਲਿਆਕਤ ਬੈਠ ਮੇਰੇ ਤੇ
ਮੇਰੀ ਕਦਰ ਘਟਾਈ ਜਾਵੇ
ਬੁੱਧੀਜੀਵੀਆਂ ਖਾਤਰ 'ਸਾਗਰ'
ਖੁੱਲ੍ਹੀਆਂ ਮੇਰੀਆਂ ਬਾਹਵਾਂ.....
✪✪

## ਸ਼ਰਾਬ

ਤੂੰ ਹੈਂ ਇੱਕ ਸ਼ਰਾਬ ਦੀ ਬੋਤਲ
ਚਾਰ ਨੇ ਤੇਰੇ ਨਖ਼ਰੇ

ਜਿਹੜਾ ਪੀਂਦਾ ਦਾਰੂ ਕਰਕੇ
ਰੂਪ ਨੇ ਉਹਦੇ ਵੱਖਰੇ

ਪਹਿਲਾ ਨਖਰਾ ਪੈਗ ਜੋ ਪੀਵੇ
ਸ਼ੇਰਾਂ ਵਾਂਗੂ ਗਰਜੇ
ਕੋਈ ਨਾ ਅੱਗੇ ਬੋਲ ਸਕੇ ਫਿਰ
ਨਾ ਕੋਈ ਮੂਹਰੇ ਖੜ੍ਹ ਜੇ

ਦੂਜਾ ਨਖਰਾ ਪੈਗ ਜੋ ਪੀਵੇ
ਤੋਤੇ ਵਾਂਗੂੰ ਇੰਗਲਿਸ਼ ਬੋਲੇ
ਹੋਰ ਕਿਸੇ ਦੀ ਸੁਣਦਾ ਨਾਹੀਂ
ਭੇਦ ਦਿਲਾਂ ਦੇ ਖੋਲ੍ਹੇ

ਤੀਜਾ ਨਖਰਾ ਪੈਗ ਜੋ ਪੀਵੇ
ਕੁੱਤੇ ਵਾਂਗੂੰ ਭੌਂਕੀ ਜਾਵੇ
ਨਾ ਆਪਣਾ ਨਾ ਬੇਗਾਨਾ ਸਮਝੇ
ਗਾਲਾਂ ਮੀਂਹ ਵਰ੍ਹਾਈ ਜਾਵੇ

ਚੌਥਾ ਨਖਰਾ ਪੈਗ ਜੋ ਪੀਵੇ
ਗਧਿਆਂ ਵਾਂਗੂ ਲਿਟਦਾ ਫਿਰਦਾ
ਸੱਜੇ ਡਿੱਗਦਾ ਖੱਬੇ ਡਿੱਗਦਾ
ਭਾਅ ਟਕਿਆਂ ਦੇ ਵਿਕਦਾ ਫਿਰਦਾ

ਇੱਕ ਨੇ ਪੀ ਕੇ ਭਾਫ ਨੀ ਕੱਢਦੇ
ਪੀ ਕੇ ਰੋਟੀ ਖਾ ਸੌਂਦੇ ਨੇ
ਚੰਗਾ ਮਾੜਾ ਨਾ ਕੁੱਝ ਆਖਣ
ਆਪਣਾ ਪੂਰਾ ਆਨੰਦ ਲੈਂਦੇ ਨੇ

ਇੱਕ ਨੇ ਪੀ ਕੇ ਉੱਚੀ ਉੱਚੀ
ਰੋਂਦੇ ਤੇ ਰੌਲਾ ਪਾਉਂਦੇ ਨੇ
ਕਦੇ ਵਿਛੋੜੇ ਗਮ ਦੀਆਂ ਗੱਲਾਂ
ਫਿਰ ਹਸਦੇ ਨਾਲੇ ਹਸਾਉਂਦੇ ਨੇ

ਪੀਣ ਪੀਣ ਦੇ ਢੰਗ ਨਿਰਾਲੇ
ਕਈ ਪੀ ਮੁੱਛਾਂ ਨੂੰ ਤਾਅ ਦਿੰਦੇ ਨੇ
ਕਈ ਪੀ ਕੇ ਜੁੱਤੀਆਂ ਨੇ ਖਾਂਦੇ
ਨਾਲੇ ਖੀਸਾ ਕਟਵਾ ਲੈਂਦੇ ਨੇ

ਬੱਸ ਚਾਰੇ ਬੋਤਲ ਦੇ ਪੈਗਾਂ ਦੀ
ਇਹ ਹੈ ਰਾਮ ਕਹਾਣੀ
ਜਿਸ ਘਰ ਬੋਤਲ ਵੜ ਗਈ ਯਾਰੋ
'ਸਾਗਰ' ਉਸ ਘਰ ਦੀ ਬਾਤ ਨਾ ਜਾਣੀ
✪✪

## ਪ੍ਰਵਾਸੀ ਪੰਛੀ

ਦੂਰ ਦੇਸ ਪ੍ਰਦੇਸ, ਸੱਤ ਸਮੁੰਦਰੋਂ ਪਾਰ
ਕੁੱਝ ਪੰਛੀ ਆਉਂਦੇ
ਲੰਬੀ ਮਾਰ ਉਡਾਰੀ ਰੁੱਤ ਸਰਦੀ ਵਿੱਚ ਆ
ਪੈਲਾਂ ਨੇ ਪਾਉਂਦੇ

ਲੰਬੀਆਂ ਲੰਬੀਆਂ ਚੁੰਝਾਂ ਵਾਲੇ
ਦੁੱਧ ਚਿੱਟਿਆਂ ਖੰਭਾਂ ਵਾਲੇ
ਵਿੰਗ ਵਲੇਵੀਆਂ ਧੌਣਾਂ ਵਾਲੇ
ਮਾਨ ਸਰੋਵਰ ਝੀਲਾਂ ਦੇ ਵਿੱਚ
ਲੰਬੀਆਂ ਲੰਬੀਆਂ ਡਾਰਾਂ ਬਣਕੇ
ਬਣ ਸਵਦੇਸ਼ੀ ਪਿਆਰ ਵੰਡਾਉਂਦੇ

ਨਾ ਤੇਰਾ ਨਾ ਮੇਰਾ ਸਮਝਣ
ਨਾ ਹੱਦਾਂ ਦੀ ਰਾਖੀ ਕਰਸਨ
ਜੋ ਮਿਲਿਆ ਸੋਈ ਚੁਗ ਲੀਤਾ
ਪੱਲੇ ਫਿਰ ਵੀ ਕੁੱਝ ਨਾ ਬੰਨਣ
ਕਰ ਅਠਖੇਲੀਆਂ ਪਾਣੀਆਂ ਦੇ ਵਿੱਚ
ਆਪੋ ਆਪਣੇ ਰਾਗ ਨੇ ਗਾਉਂਦੇ

ਛੱਡ ਆਪਣਾ ਦੇਸ ਵਿੱਚ ਪਹਾੜਾਂ
ਜਿੱਥੇ ਬੰਦ ਜ਼ਿੰਦਗੀ ਥਰ ਥਰ ਕੰਬਦੀ
ਮਮਤਾ ਮੋਹ ਤਿਆਗ
ਬਿਨ ਵੀਜ਼ੇ ਤੋਂ ਆ
ਫਿਰ ਵਾਪਸੀ ਪੈਂਡਾ ਮਾਰ
ਬੋਟ ਆਲ੍ਹ ਣੇ ਜਾ ਗਰਮਾਉਂਦੇ

ਸਾਰਸ ਕੂੰਜਾਂ ਮੱਗ ਮੁਰਗਾਬੀਆਂ
ਵਿੱਚ ਅਕਾਸ਼ੋਂ ਉੱਡਦੀਆਂ ਆਵਣ
ਰੂਸ ਆਸਟਰੀਆ ਤੇ ਸਾਇਬੇਰੀਆ
ਪ੍ਰਦੇਸਾਂ ਵਿੱਚੋਂ ਆਵਣ ਜਾਵਣ
ਦਿਨੇ ਰਾਤ ਲੰਘ ਔਖੇ ਪੈਂਡੇ
ਫਿਰ ਮੁੜ ਵਤਨਾਂ ਨੂੰ ਭਾਉਂਦੇ

ਬੰਦਾ ਬਣ ਪ੍ਰਵਾਸੀ ਪੰਛੀ
ਪੈਸੇ ਖਾਤਰ ਭਾਉਂਦਾ ਫਿਰਦਾ
ਛੱਡ ਕੇ ਆਪਣਾ ਦੇਸ ਬਿਗਾਨੇ
ਪੌਂਡਾਂ ਦੇ ਬਹਿਕਾਵੇ ਆਉਂਦਾ
ਪਰ ਵਤਨਾਂ ਦੀ ਮਿੱਟੀ ਵਿੱਚੋਂ
'ਸਾਗਰ' ਮੋਤੀ ਸਿੱਪ ਉਗਾਉਂਦੇ
✪✪

## ਵੇਲ

ਮੈਂ ਇੱਕ ਕੌੜੀ ਵੇਲ ਵੇ ਲੋਕੋ
ਕੰਡਿਆਂ ਸੰਗ ਪ੍ਰਨਾਈ
ਨਾ ਕੋਈ ਮੇਰਾ ਮਾਤ ਪਿਤਾ ਹੈ
ਨਾ ਕੋਈ ਭੈਣ ਨਾ ਭਾਈ

ਵਾੜ ਕਰੇਲੇ ਪੇਠਾ ਕੱਦੂ ਤੋਰੀਆਂ ਤਰ੍ਹ ਾਂ ਖਰਬੂਜੇ
ਚਿੱਭੜ ਮਤੀਰੇ ਖੀਰੇ ਅੰਗੂਰ ਮੇਰੇ ਤਨ ਦੇ ਗੀਝੇ
ਜਿਸ ਸੰਗ ਮੈਂ ਗਲੇ ਲੱਗ ਜਾਵਾਂ ਉਹੀ ਮੇਰਾ ਹਮਸਾਈ
ਮੈਂ ਇੱਕ ਕੌੜੀ ਵੇਲ ਵੇ ਲੋਕੋ

ਅਮਰ ਵੇਲ ਦਾ ਰੂਪ ਨਿਰਾਲਾ ਬਿਨ ਧਰਤੀ ਬ੍ਰਿਖਾਂ ਤੇ ਹੋਵੇ
ਮਨੀ ਪਲਾਂਟ ਬੋਤਲ ਵਿੱਚ ਰੱਖ ਕੇ ਫਿਰ ਵੀ ਵੱਡੀ ਲੰਬੀ ਹੋਵੇ
ਹਰ ਘਰ ਵਿੱਚ ਪਈ ਵੱਧਦੀ ਜਾਵੇ ਰੋਸ ਨਾ ਉਸਨੂੰ ਕਾਈ
ਮੈਂ ਇੱਕ ਕੌੜੀ ਵੇਲ ਵੇ ਲੋਕੋ

ਇੱਕ ਵੇਲ ਟੋਭਿਆਂ ਵਿੱਚ ਉਗਦੀ ਉਹ ਨਾ ਕੰਮ ਕਿਸੇ ਦੇ ਆਵੇ
ਪਾਣੀ ਪੀ ਸਾਰੇ ਟੋਭੇ ਦਾ ਜਾਨਵਰਾਂ ਦੀ ਸਾਮਤ ਲਿਆਵੇ
ਕੈਂਸਰ ਵਾਂਗੂ ਜਦੋਂ ਇਹ ਫੈਲੇ ਥਾਂ ਨਾ ਖਾਲੀ ਥਿਆਈ
ਮੈਂ ਇੱਕ ਕੌੜੀ ਵੇਲ ਵੇ ਲੋਕੋ

ਵੇਲ ਤੇ ਔਰਤ ਗੱਲ ਨੇ ਇੱਕੋ ਜ਼ਿੰਦਗੀ ਦੇ ਦੁੱਖ ਝੱਲਣ
ਔਖੇ ਵੇਲੇ ਜੋ ਕੋਈ ਨੇੜੇ ਗਲ ਲੱਗ ਦੁੱਖ ਸੁੱਖ ਦੱਸਣ
'ਸਾਗਰ' ਵਿੰਗ ਵਲ ਖਾ ਲੱਖਾਂ ਜਦ ਝੱਲਣੀ ਪ੍ਰੀਤ ਪਰਾਈ
ਮੈਂ ਇੱਕ ਕੌੜੀ ਵੇਲ ਵੇ ਲੋਕੋ
✪✪

## ਪਿੱਪਲ

ਕੌਣ ਕਹਿੰਦਾ ਹੈ ਪਿੱਪਲ ਮਾੜਾ
ਪਿੱਪਲ ਬ੍ਰਿਖ ਸਭਨਾਂ ਤੋਂ ਚੰਗਾ
ਦਿਨੇ ਰਾਤ ਇਹ ਸੌਂਦਾ ਨਾਹੀਂ
ਸਭਨਾਂ ਨੂੰ ਆਕਸੀਜਨ ਦੇਂਦਾ

ਕੋਈ ਇਸਨੂੰ ਬ੍ਰਾਹਮਣ ਸਮਝੇ
ਪੂਜਾ ਇਸਦੀ ਕਰਦਾ
ਵਹਿਮਾਂ ਭਰਮਾਂ ਦੇ ਵਿੱਚ ਫਸਕੇ
ਟੂਣੇ ਟਾਮਣ ਕਰਦਾ
ਸੱਕ ਏਸਦਾ ਬਾਹਲਾ ਈ ਠੰਡਾ
ਘੋਲ ਘੋਲ ਜੋ ਪੀਂਦਾ

ਕਿੱਥੋਂ ਲੱਗਿਆ ਪਿੱਪਲ ਸਾਡੇ
ਲੋਕ ਕਹਾਵਤ ਕਹਿੰਦੇ
ਜੜ੍ਹ ਾਂ ਨੇ ਇਸ ਦੀਆਂ ਪਾਸੀਂ ਫੈਲਣ

ਕੰਧ ਤ੍ਰੇੜਾਂ ਪੈਂਦੇ
ਦਿੜਬੇ ਦੇ ਪਿੱਪਲ ਨੂੰ ਯਾਰੋ
ਹਰ ਕੋਈ ਮਾੜਾ ਕਹਿੰਦਾ

ਦਾਹੜੀ ਇਸਦੀ ਔਸ਼ਧੀਆਂ ਵਿੱਚ
ਕੰਮ ਹਮੇਸ਼ਾ ਆਉਂਦੀ
ਸਾਡੀ ਬੇਬੇ ਪੱਤੇ ਲੈ ਕੇ
ਪੂੜੇ ਖ਼ੂਬ ਬਣਾਉਂਦੀ
ਪਿੱਪਲੀ ਪੀਘਾਂ ਝੂਟ ਮੁਟਿਆਰਾਂ
ਸਵਰਗੀਂ ਝੂਟਾ ਦੇਂਦਾ

ਤ੍ਰਿਬੈਣੀ ਵਿੱਚ ਸ਼ਾਮਲ ਹੋਵੇ
ਨਿੰਮ ਬਰੋਟਾ ਪਿੱਪਲ
ਬੁੱਢੇ ਠੇਰੇ ਛਾਵਾਂ ਮਾਨਣ
ਦਰਦ ਵੰਡਾਉਂਦੇ ਮਿੱਤਰ
ਪਿੰਡਾਂ ਵਿੱਚ ਕੁਦਰਤੀ ਹੁੰਦੇ
ਹਰ ਕੋਈ ਛਾਵੇਂ ਬਹਿੰਦਾ

ਬ੍ਰਿਖ ਹਮੇਸ਼ਾ ਚੰਗੇ ਯਾਰੋ
ਦਿੰਦੇ ਠੰਡੀਆਂ ਛਾਵਾਂ
ਕੁੱਝ ਰੁੱਖ ਮੈਨੂੰ ਭਾਈ ਲੱਗਦੇ
ਕੁੱਝ ਲੱਗਦੇ ਨੇ ਮਾਵਾਂ
ਕੁੱਲ ਸ੍ਰਿਸ਼ਟੀ ਨੂੰ ਜੀਵਨ ਦਿੰਦੇ
ਸਾਗਰ ਸਿਰ ਝੁਕੇਂਦਾ
✪✪

## ਨਸੀਹਤ

ਜੋ ਵੱਟਿਆ ਸੋ ਖੱਟਿਆ
ਬਾਕੀ ਦੇ ਨੂੰ ਛੱਡ
ਵੇਲਾ ਨਹੀਂ ਕਮਾਉਣ ਦਾ
ਝੂਠੇ ਲਾ ਨਾ ਪੱਜ
ਝੂਠੇ ਲਾ ਨਾ ਪੱਜ
ਸਾਹਿਬ ਦੀ ਕਰ ਤੂੰ ਬੰਦਗੀ
ਮਿਥਿਆ ਇਹ ਸੰਸਾਰ
ਤੇਰੀ ਇਹ ਥੋੜ ਜ਼ਿੰਦਗੀ
'ਸਾਗਰ' ਦੀ ਗੱਲ ਮੰਨ
ਵੱਟਿਆ ਤੇਰਾ ਕੁੱਝ ਨੀ ਜਾਣਾਂ
ਇੱਕ ਦਿਨ ਇਹ ਸੰਸਾਰ
ਭਰਿਆ ਤੈਂ ਛੱਡ ਜਾਣਾ
✪✪

## ਫ਼ਰਕ

ਮਾੜਾ ਕਰਜ਼ੇ ਥੱਲੇ ਦੱਬੀ ਜਾਂਦਾ ਏ
ਤਕੜੇ ਦੇ ਨਾ ਸਿਰ ਤੇ ਜੂੰ ਜਿੰਨਾ ਵੀ ਭਾਰ
ਲੱਖਾਂ ਵਾਰੀ ਸੱਚ ਬੋਲ ਕੇ ਦੇਖ ਲਿਆ
ਡਾਹਢੇ ਦੇ ਤਾਂ ਹੁੰਦੇ ਚਾਰ ਦੂਣੀ ਚਾਰ
ਫੈਸ਼ਨ ਦਾ ਤਾਂ ਆਦਮ ਹੀ ਨਿਰਾਲਾ ਏ
ਬਹਿ ਜਾ 'ਸਾਗਰ' ਚੁੱਪ ਕਰਕੇ ਤੂੰ ਬੁੱਕਲ ਮਾਰ
✪✪

## ਟੋਭਾ

ਮੈਂ ਇਸ ਪਿੰਡ ਦਾ ਕਈ ਸਦੀਆਂ ਤੋਂ
ਬਹੁਤ ਪੁਰਾਣਾ ਟੋਭਾ ਹਾਂ
ਜ਼ਿੰਦਗੀ ਦੇ ਦੁੱਖ ਬਹੁਤ ਹੰਢਾਏ
ਪਰ ਪਿੰਡ ਦੀ ਮੈਂ ਸ਼ੋਭਾ ਹਾਂ

ਡੰਗਰ ਡੱਡੂ ਮੱਛੀਆਂ ਕੱਛੂ
ਮੇਰੇ ਤਨ ਦਾ ਰਸ ਪੀਂਦੇ ਨੇ
ਸੋਕਾ ਸਰਦੀ ਗਰਮੀ ਹੋਵੇ
ਮੇਰੇ ਆਸਰੇ ਉਹ ਜੀਂਦੇ ਨੇ

ਮਲ ਮੂਤਰ ਗੋਹਾ ਤੇ ਗਾਰਾ
ਮੇਰਾ ਤਨ ਸਭ ਕੁੱਝ ਜਰਦਾ ਹੈ
ਸਾਰੇ ਪਿੰਡ ਦਾ ਗੰਦਾ ਪਾਣੀ
ਤਨ ਮੇਰੇ ਵਿੱਚ ਆ ਵੜਦਾ ਹੈ

ਮਨ ਮੇਰੇ ਵਿੱਚ ਕੋਈ ਨਾ ਗੁੱਸਾ
ਸਭ ਕੁਝ ਫਿਰ ਵੀ ਝੱਲੀ ਜਾਵਾਂ
ਪੌਣ ਪੁਰੇ ਦੀ ਜਦੋਂ ਵੀ ਵਗੇ
ਖੁਸ਼ੀ ਖੁਸ਼ੀ ਛੱਲਾਂ ਲਹਿਰਾਵਾਂ

ਹਰ ਇੱਕ ਪਿੰਡ ਦਾ ਬੰਦਾ ਮੇਰੇ
ਕੰਢਿਆਂ ਦੀ ਰਾਖੀ ਹੈ ਕਰਦਾ
ਜਦੋਂ ਦਾ ਮਾਡਰਨ ਯੁੱਗ ਹੈ ਆਇਆ
ਮੇਰੇ ਕੰਢੇ ਪੱਕੇ ਕਰਦਾ

ਮੈਨੂੰ ਕੋਈ ਸੁੱਕਣ ਨਾ ਦੇਵੇ
ਸੂਆ ਖਾਲ ਨੇ ਸਾਥੀ ਮੇਰੇ
ਬਾਕੀ ਰੱਖਣ ਪੂਰਾ ਭਰਕੇ
ਸੌਣ ਭਾਦੋਂ ਦੇ ਮੀਂਹ ਬਥੇਰੇ

ਨਿੰਮ ਬਰੋਟਾ ਪਿੱਪਲ ਤ੍ਰਿਵੈਣੀ
ਮੇਰੇ ਕੰਢੇ ਛਾਵਾਂ ਕਰਦੇ
ਬੁੱਢੇ ਠੇਰੇ ਮੁੰਡੇ ਖੁੰਡੇ
ਨੇੜੇ ਬੈਠ ਦੁੱਖ ਸੁੱਖ ਨੇ ਕਰਦੇ

ਲੋੜ ਮੇਰੀ ਹਾਲੇ ਵੀ ਓਨੀ
ਬੇਸ਼ੱਕ ਹੋਰ ਨੇ ਸਾਧਨ ਚੰਗੇ
ਲੱਖ ਸਮੁੰਦਰ ਛੱਲਾਂ ਮਾਰਨ
'ਸਾਗਰਾਂ' ਤੋਂ ਵੱਧ ਟੋਭੇ ਚੰਗੇ
✪✪

## ਕੁੜੀਆਂ ਚਿੜੀਆਂ

ਜਾਓ ਨੀ ਜਾਓ ਚਿੜੀਓ ਆਲ੍ਹ ਣੇ ਨਾ ਪਾਓ ਚਿੜੀਓ
ਬਿੱਲੀ ਤੁਹਾਡੀ ਵੈਰਨ ਫਿਰਦੀ ਮਾਰੂਗੀ ਉੱਡ ਜਾਓ ਚਿੜੀਓ

ਚਿੜੀਆਂ ਦਾ ਚੰਬਾ ਭਾਵੇਂ ਬਾਬਲ ਦੇ ਦੇਸ ਨਾਹੀਂ
ਆਉਣਾ ਜਾਣ ਕਿਤੇ ਕਿਤੇ ਦੇਸ ਤੋਂ ਪ੍ਰਦੇਸ ਆਹੀ
ਕੁੜੀਆਂ ਤੇ ਚਿੜੀਆਂ ਦੀ ਦਰਦ ਕਹਾਣੀ ਜਾਣੋ
ਬਹੁਤਾ ਫਿਰ ਦਾਜ ਜੋ ਮੰਗਣ ਬਿੱਲੀ ਦੀ ਅੱਖ ਪਛਾਣੋ

ਧੀ ਪੁੱਤਰ ਵਿੱਚ ਫ਼ਰਕ ਨਾ ਕੋਈ ਪੁੱਤਾਂ ਤੋਂ ਵੱਧ ਪਿਆਰੀਆਂ
ਹਰ ਸਮੇਂ ਸਤਿਕਾਰ ਦੀਆਂ ਪਾਤਰ ਬਹੁ ਰੰਗੀਆਂ ਫੁਲਕਾਰੀਆਂ
ਪੜ੍ਹ ਣ ਲਿਖਣ ਵਿੱਚ ਸਭ ਤੋਂ ਅੱਗੇ ਫਿਰ ਜਾਵਣ ਕਿਉਂ ਦੁਰਕਾਰੀਆਂ
ਰਲ ਕੇ ਦੇਵੋ ਫਿਟ ਲਾਹਨਤਾਂ ਦਾਜ ਲੋਭੀਆਂ ਫਿਰ ਕਿਉਂ ਸਾੜੀਆਂ

ਚਾਰ ਰੂਪ ਔਰਤ ਦੇ ਹੁੰਦੇ ਭੈਣ ਤੇ ਲੜਕੀ ਦੋ ਪੇਕਿਆਂ ਘਰ
ਮਾਂ ਤੇ ਪਤਨੀ ਰੂਪ ਨੇ ਸਹੁਰੇ ਭਾਗਾਂ ਵਾਲਿਆਂ ਨੇਕੀਆਂ ਦੇ ਘਰ
ਬੱਸ ਚਾਰੇ ਔਰਤ ਦੇ ਰੂਪਾਂ 'ਚੋਂ ਕੁੱਲ ਸੰਸਾਰ ਦੀ ਰਚਨਾ ਹੋਈ
ਔਰਤ ਹੈ ਸੰਸਾਰ ਦੀ ਮਾਤਾ "ਸਾਗਰ" ਇਸ ਤੋਂ ਵੱਡਾ ਨਾ ਕੋਈ।
✪✪

## ਕਿੱਕਰਾਂ (ਸੁੱਕ ਰਹੀਆਂ ਕਿੱਕਰਾਂ ਦੇ ਨਾਂ)

ਕੁੜੀਆਂ ਚਿੜੀਆਂ ਕੱਤਕ ਕੂੰਜਾਂ, ਕਿਉਂ ਵਿਛੜਨ ਨੀ ਮਾਏ
ਕਿੱਕਰਾਂ ਦਾ ਮੈਨੂੰ ਦੁੱਖ ਨ੍ਹ ਾ ਲੱਭਾ, ਕਿਉਂ ਸੁੱਕੀਆਂ ਨੀ ਮਾਏ

ਰੰਗ ਦੰਦਾਸਾ ਫਿੱਕਾ ਪੈ ਗਿਆ, ਜ਼ੋਬਨ ਦੀ ਲਾਲੀ ਦਾ
ਪਤਾ ਨੀ ਕਿਹੜੀ ਨਜ਼ਰ ਲੱਗ, ਗਈ ਟੁੱਟਿਆ ਫੁੱਲ ਡਾਲੀ ਦਾ
ਧਰਤੀ ਗਈ ਸਰਾਪੀ ਸਾਡੀ, ਕਿਸ ਦੁੱਖ ਦੇ ਅਸੀਂ ਜਾਏ
ਕਿਉਂ ਸੁੱਕੀਆਂ ਨੀ ਮਾਏ.........

ਬਾਪੂ ਸਾਡੇ ਰੰਗ ਨੂੰ ਸਮਝੇ, ਕਾਲਿਆਂ ਦੀ ਵੀ ਕਦਰ ਪਛਾਣੇ
ਲੱਖਾਂ ਕੁੜੀਆਂ ਮੇਹਣੇ ਮਾਰਨ, ਗੋਰੀਆਂ ਸੰਗ ਫਿਰ ਵੀ ਪ੍ਰਣਾਣੇ
ਸਾਡੇ ਸਾਥੀ ਹਰੇ ਭਰੇ ਨੇ ਅਸੀਂ ਕਿਉਂ ਕੁਮਲਾਏ
ਕਿਉਂ ਸੁੱਕੀਆਂ ਨੀ ਮਾਏ.........

ਸਿਆਣਾ ਬੰਦਾ ਤੜਕੇ ਉੱਠ ਕੇ, ਸਾਡੀ ਟਾਹਣੀ ਮੁੱਖ ਥੀਂ ਕਰਦਾ

ਛੱਡ ਕੇ ਸਾਰੇ ਟੁੱਥ ਪੇਸਟਾਂ ਨੂੰ, ਆਪਣੇ ਦੰਦ ਸੀ ਚਿੱਟੇ ਕੱਢਦਾ
ਖੱਟੇ ਮਿੱਠੇ ਭੁੱਕੇ ਸੀ ਸਾਡੇ ਹੁਣ, ਕਿੱਥੋਂ ਉਹਨਾਂ ਨੂੰ ਖਾਏ
ਕਿਉਂ ਸੁੱਕੀਆਂ ਨੀ ਮਾਏ.........

ਸਾਡੇ ਸੱਕ ਦੀ ਰੰਗਣ ਡਾਢੀ, ਚਮੜਾ ਰੰਗਦਾ ਦਰੀਆਂ ਰੰਗਦਾ
ਬੇਸ਼ੱਕ ਲੱਖਾਂ ਵਿਸਕੀ ਪੀਵਣ, ਦਾਰੂ ਘਰ ਦੀ ਕੱਢੀ ਮੰਗਦਾ
ਕਸ ਤੋਂ ਰਸ ਕੱਢ ਕੇ ਜਦ ਬਣਦੀ, ਕੋਈ ਨਾ ਮੂੰਹੋਂ ਲਾਹੇ
ਕਿਉਂ ਸੁੱਕੀਆਂ ਨੀ ਮਾਏ.........

ਜੇਕਰ ਸਾਰ ਲਈ ਨਾ ਸਾਡੀ, ਮਰ ਮੁੱਕ ਕੇ ਸੁੱਕ ਜਾਣਾ
ਸਾਇੰਸ ਦਾ ਯੁੱਗ ਕੌਣ ਮੰਨੂਗਾ, ਵਰਤ ਗਿਆ ਜੇ ਭਾਣਾ
'ਸਾਗਰ' ਵਿੱਚ ਮੜੀਆਂ ਦੇ ਜਾ ਕੇ, ਫਿਰ ਅੱਗ ਦੇ ਲਾਂਬੂ ਲਾਏ
ਕਿਉਂ ਸੁੱਕੀਆਂ ਨੀ ਮਾਏ.........
✪✪

## ਵਿਦੇਸ਼ੀ ਚਿੜੀ

ਨੰਨ੍ਹੇ ਮੁੰਨ੍ਹੇ ਪਿਆਰੇ ਪੰਛੀ
ਰਲ ਮਿਲ ਕਰਨ ਕਲੋਲਾਂ
ਸਾਡੇ ਵਿਹੜੇ ਦਾਣੇ ਖਾਂਦੇ
ਲਾਉਂਦੇ ਪਿਆਰ ਦੀਆਂ ਭੋਲਾਂ
ਉਹਨਾਂ ਵਿੱਚ ਅਚਾਨਕ ਹੀ ਇੱਕ
ਨੰਨ੍ਹ ੀ 'ਸਰਘੀ' ਚਿੜੀਆ ਆਈ
ਸਾਰੇ ਹੀ ਉਸ ਵੱਲ ਇਉਂ ਤੱਕਣ
ਜਿਉਂ ਉਹਨਾਂ ਨੂੰ ਭਾਈ
ਪੁੱਛਣ ਲੱਗਾ ਮੋਰ (ਸਰਘੀ) ਚਿੜੀ ਨੂੰ
ਤੂੰ ਨਾ ਸਾਡੀ ਲੱਗੇ
ਤੇਰਾ ਦੇਸ ਅਸਾਡਾ ਨਾਹੀਂ
ਹੋਰ ਦੇਸ ਦੀ ਲੱਗੇਂ
ਰੰਗ ਭੀ ਹੋਰ ਪੰਖ ਭੀ ਹੋਰ
ਅੱਖਾਂ ਬਿੱਲੀਆਂ ਤੇਰੀਆਂ
ਸਾਡੇ ਦੇਸ ਤੂੰ ਕਿਉਂ ਹੈ ਆਈ
ਰਮਜਾਂ ਦੱਸ ਤੂੰ ਕਿਹੜੀਆਂ

ਭੋਲਿਆ ਮੋਰਾ ਮੈਂ ਨਿੱਕੀ ਹਾਂ
ਮੈਂ ਆਪਣੀ ਸਾਰ ਕੀ ਜਾਣਾਂ
ਮੈਨੂੰ ਕੁੱਝ ਪਤਾ ਹੀ ਨਾਹੀਂ
ਮੈਨੂੰ ਚੁਗਣ ਦੇ ਦਾਣਾ
ਪੱਲੇ ਨਹੀਂ ਮੈਂ ਕੁੱਝ ਵੀ ਬੰਨਣਾ
ਜੋ ਮਿਲਿਆ ਸੋ ਖਾਣਾ
ਤੂੰ ਮੈਨੂੰ ਚੰਗਾ ਜਿਹਾ ਲੱਗੇਂ
ਕਿਉਂ ਪੁੱਛਦੈਂ ਪਤਾ ਟਿਕਾਣਾ
ਵੱਡੀ ਹੋ ਕੇ ਦੱਸ ਦੇਵਾਂਗੀ
ਕਿੱਥੋਂ ਆਈ ਤੇ ਕਿੱਥੇ ਜਾਣਾ

ਹੁਣ ਸਾਗਰ ਦੇ ਵਿਹੜੇ ਮੈਂ ਤਾਂ
ਮੌਜਾਂ ਮਾਨਣ ਆਈ
ਬੱਸ ਮੈਨੂੰ ਤਾਂ ਏਨਾ ਪਤਾ ਕਿ
ਸਾਗਰ ਆਂਟੀ ਲਿਆਈ
✪✪

## ਨੰਨ੍ਹੀ ਮੁੰਨ੍ਹੀ
## (ਸਿਮਰਨ ਦੇ ਨਾਂ)

ਤੂੰ ਮੇਰੀ ਸਭ ਤੋਂ ਛੋਟੀ ਨਿੱਕੀ ਨੰਨ੍ਹੀ ਜਿਹੀ
ਤੂੰ ਨਾਨੀ ਦੀ ਪਿਆਰੀ ਤੇ ਪੜਨੰਨ੍ਹੀ ਜਿਹੀ
ਮਾਸੀ ਵਰਗੀ ਭੋਲੀ ਤੇ ਖੜਕੰਨੀ ਜਿਹੀ
ਛੋਟੇ ਮਾਮੇ ਨੂੰ ਤੂੰ ਆਖੇਂ ਕੁੱਤਿਆ ਪੁੱਤਿਆ ਜਿਹਾ
ਪਿਆਰਾ ਪਾਪਾ ਕਹਿੰਦਾ ਤੂੰ ਥੂੰ ਕੰਨੀ ਜਿਹੀ
ਵੱਡਾ ਮਾਮਾ ਹੱਤ ਆਖੇ ਨਾਲੇ ਡਰਾਵੇ ਤੈਨੂੰ ਵੀ
ਚੁਸਤ ਮਾਮੀ ਜੀ ਚੁਸਤੋ ਤੇ ਚਮਕੰਨੀ ਜਿਹੀ
ਦਾਦੀ ਭੂਆ ਦੇਵਣ ਚੂਪਾ ਮਿੱਠਾ ਜਿਹਾ
ਤੂੰ ਮੰਮੀ ਦੀ ਪਿਆਰੀ ਤੇ ਗੁੜ ਕੰਨੀ ਜਿਹੀ
ਸੁਭਾ ਸਵੇਰੇ, ਬੋਲੀ ਮੰਮਾ ਚਾਹ ਦੇਦੇ
ਚਾਹ ਪੀਤੀ, ਤੇ ਮਮਤਾ ਰਹਿ ਗਈ ਸੁੰਨੀ ਜਿਹੀ
ਚੜ੍ਹਿਆ 28 ਅਗਸਤ ਦਾ ਦਿਨ ਬਾਹਲਾ ਮਾੜਾ
ਜ਼ਿੰਦਗੀ ਨੇ ਖਿਸਕਾਈ ਆਪਣੀ ਕੰਨੀ ਜਿਹੀ
ਰੱਬ ਦੇ ਰੰਗ ਨਿਆਰੇ, ਗੁਣ ਕਿੰਨੇ ਸਨ ਸਿਮਰਨ ਵਿੱਚ
ਛੱਡ ਵਿਹੜਾ ਬਾਬਲ ਦਾ ਤੁਰ ਗਈ ਨੰਨ੍ਹੀ ਜਿਹੀ
✪✪

## ਚੱਕੀਰਾਹਾ

ਇਹ ਦੁਨੀਆ ਰਹਿਣ ਬਸੇਰਾ ਹੈ
ਕੋਈ ਆਉਂਦਾ ਹੈ ਕੋਈ ਜਾਂਦਾ ਹੈ
ਭਰੇ ਮੇਲੇ ਵਿੱਚ ਚੱਕੀ ਰਾਹੇ ਦੀ
ਨਾ ਸੁਣਦਾ ਹੈ ਨਾ ਸੁਣਾਂਦਾ ਹੈ

ਹਰ ਕੋਈ ਠੱਕ-ਠੱਕ ਕਰਦਾ ਹੈ
ਆਪਣੇ ਕੰਮ ਵਿੱਚ ਗੁਲਤਾਨ ਪਿਆ
ਨਾ ਖ਼ੁਸ਼ੀਆਂ ਦਾ ਨਾ ਗਮੀਆਂ ਦਾ
ਨਾ ਹੈ ਕਿਸੇ ਨੂੰ ਅਹਿਸਾਸ ਜਿਹਾ
ਆਪਣੇ ਹੀ ਧੰਦੇ ਨੂੰ ਲੈ ਕੇ
ਬਸ ਰੌਲਾ ਪਾਈ ਜਾਂਦਾ ਹੈ

ਸਭ ਤੂੰ ਤੂੰ ਮੈਂ ਵਿੱਚ ਰਿੱਝਦੇ ਨੇ
ਕੰਨ ਪਾਈ ਤੂਤੀ ਸੁਣਦੇ ਨਹੀਂ
ਪਿੱਠ ਪਿੱਛੇ ਗਾਲ੍ਹਾਂ ਕੱਢਦੇ ਨੇ
ਮੂੰਹ ਤੇ ਪਏ ਕਹਿੰਦੇ ਕੁੱਝ ਵੀ ਨਹੀਂ

ਨਾ ਰਾਣੀ ਅੱਗਾ ਢੱਕਦੀ ਏ
ਰਾਜਾ ਪਿਆ ਪਿੱਟੀ ਜਾਂਦਾ ਹੈ

ਚੱਕੀ ਨੂੰ ਰੌਣ੍ਹਾ ਔਖਾ ਏ
ਪੱਥਰ ਦਾ ਸੀਨਾ ਕੱਟ ਕੱਟ ਕੇ
ਜ਼ਿੰਦਗੀ ਭੀ ਰਗੜੇ ਖਾਂਦੀ ਏ
ਔਖੇ ਸਮਿਆਂ ਵਿੱਚ ਫਸ ਫਸ ਕੇ
ਚੱਕੀ ਰਾਹੇ ਨੂੰ ਕੀ ! ਮਤਲਬ
ਲੱਕੜ ਵਿੱਚ ਖੁੱਡ ਬਣਾਂਦਾ ਹੈ

ਤੁਸੀਂ ਮਾੜਾ ਕੀਹਨੂੰ ਆਖੋਂਗੇ
ਇੱਥੇ ਆਵਾ ਊਤ ਗਿਆ ਯਾਰੋ
ਸਭ ਪੈਸੇ ਦੇ ਪੁੱਤ ਬਣਗੇ ਨੇ
ਕੋਈ ਰਿਹਾ ਨਾ ਆਪਣਾ ਮਿੱਤ ਯਾਰੋ
ਜੇ ਜਿਊਣਾ ਭੱਜ ਜ਼ਮਾਨੇ ਨਾਲ
ਸਾਗਰ ਪਿਆ ਢੋਲ ਵਜਾਂਦਾ ਹੈ
✪✪

## ਤਾਰੇ

ਰਾਤੀਂ ਤਾਰੇ ਕਿੰਨੇ ਪਿਆਰੇ ਦੇਣ ਨਜ਼ਾਰੇ
ਝਿਲਮਿਲ ਕਰਦੇ
ਰੰਗ ਬਰੰਗੇ ਨੰਨ੍ਹੇ ਮੁੰਨ੍ਹੇ ਫੜਕਣ ਤਾਰੇ
ਕਾਲੀਆਂ ਰਾਤਾਂ 'ਚ ਜਗਦੇ ਬੁਝਦੇ
ਆਕਾਸ਼ ਗੰਗਾ 'ਚ ਜੜੇ ਸਿਤਾਰੇ
ਕਿਤੇ ਕਿਤੇ ਕੋਈ ਕੱਲਾ ਈ ਚਮਕੇ
ਧਰੂ ਭਗਤ ਜਿਹੇ ਪਿਆਰੇ
ਬੱਦਲ ਆਇਆਂ ਇਹ ਛਿਪ ਜਾਂਦੇ
ਡਰਦੇ ਇਹ ਵਿਚਾਰੇ
ਚੰਦ ਮਾਮੇ ਦੀ ਚਾਨਣੀ ਦੇ ਵਿੱਚ
ਘੁਲ ਮਿਲ ਜਾਵਣ ਸਾਰੇ
ਕਿੰਨਾ ਪਿਆਰ ਵੰਡਾਉਂਦੇ ਆਪਣਾ
ਚੰਦ ਮਾਮੇ ਨਾਲ ਪਿਆਰੇ
ਕਿੰਨਾ ਵਧੀਆ ਮੇਲ ਸੁਮੇਲ ਇਹ
ਚੰਦ ਤਾਰਿਆਂ ਦਾ ਆਪੇ
'ਸਾਗਰ' ਦੀ ਭੋਲੀ ਇਹ ਕਵਿਤਾ
ਨੰਨ੍ਹੀ ਮੁੰਨੀ ਜਾਪੇ
✪✪

## ਮੋਰ

ਤੂੰ ਮੋਰ ਤੇਰੇ ਜਿਹਾ ਨਾ ਕੋਈ ਹੋਰ
ਚਾਂਦੀ ਰੰਗੀ ਕਲਗੀ ਸਿਰ ਤੇ
ਗਰਦਨ ਨੀਲੀ ਕਾਲੀ ਘੋਰ

ਪੈਲ ਤੇਰੀ ਵਿੱਚ ਟਿੱਕੀਆਂ ਚਮਕਣ
ਤੇਰੇ ਜਿਹਾ ਨਾ ਸੋਹਣਾ ਹੋਰ
ਜਦ ਤੂੰ ਪੈਲਾਂ ਖ਼ੁਸ਼ੀ 'ਚ ਪਾਂਦਾ
ਮਨ ਹੁੰਦਾ ਚਿੱਤ ਚੋਰ
ਜਦ ਹੰਝੂ ਤੇਰੇ ਖ਼ੁਸ਼ੀ 'ਚ ਕਿਰਦੇ
ਮੋਰਨੀ ਚੋਗ ਚੁਗੇਂਦੀ ਹੋਰ
ਪੈਰ ਤੇਰੇ ਕੋਈ ਮੰਗ ਕੇ ਲੈ ਗਿਆ
ਮੋੜ ਦਿੱਤੇ ਕੋਈ ਹੋਰ
ਦਰਦ ਭਰੀ ਤੇਰੀ ਕੂਕ ਨੂੰ ਸੁਣ ਕੇ
ਛਾ ਜਾਂਦੀ ਏ ਘਟਾ ਘਨਘੋਰ
ਵੇ ਮੋਰਾ ਤੇਰਾ ਕੋਈ ਨਾ ਸਾਨੀ
ਨਾ 'ਸਾਗਰ' ਨੂੰ ਲੱਭਿਆ ਹੋਰ
✪✪

## ਤਿੱਤਰ

ਤਿੱਤਰ ਪਰ ਤੂੰ ਸਭ ਦਾ ਮਿੱਤਰ
ਰੰਗ ਭੂਸਲਾ ਫੰਗ ਨੇ ਡੱਬੇ
ਭੋਲਾ ਤੇ ਬੇ-ਫਿਕਰ
ਕਣਕਾਂ ਪੱਕੀਆਂ ਤੋਂ ਤੂੰ ਆਵੇਂ
ਤੇਰਾ ਨਾ ਕੋਈ ਸਿਖਰ
ਤਲੀਏਂ ਚੋਗ ਚੁਗਾਵਣ ਤੈਨੂੰ
ਬਣ ਕੇ ਗੂੜ੍ਹੇ ਮਿੱਤਰ
ਖੱਬੇ ਬੋਲੇ ਮਾੜਾ ਸਮਝਣ
ਸੱਜੇ ਬੋਲੇ ਮਿੱਤਰ
ਤੇਰਾ ਕਾਲਾ ਰੂਪ ਏਹੋ ਕਹਿੰਦਾ
ਸੁਭ੍ਹ 'ਾਨ ਤੇਰੀ ਕੁਦਰਤ
ਹਰ ਕੋਈ ਤੈਨੂੰ ਖਾਣਾ ਚਾਹੇ
ਵੈਰੀ ਅਤੇ ਮਿੱਤਰ
ਲੰਬੀ ਮਾਰ ਉਡਾਰੀ 'ਸਾਗਰ'
ਸਮਝੀ ਨਾ ਤੂੰ ਟਿੱਚਰ
✪✪

## ਅਨਜਾਣੇ

ਅਸੀਂ ਬੇ-ਦਰਦਾ ਚਾਹੁੰਦੇ ਤੈਨੂੰ
ਤੂੰ ਨਾ ਸਾਨੂੰ ਤੱਕੇਂ
ਹਰ ਮੋੜ ਤੇ ਤੱਕਿਆ ਤੈਨੂੰ
ਤੂੰ ਪਿੱਛੇ ਦਾ ਪਿੱਛੇ

ਅਸੀਂ ਦੱਸ ਕਿੱਧਰ ਨੂੰ ਜਾਈਏ
ਸਾਰ ਨਾ ਸਾਡੀ ਜਾਣੇ
ਲੱਖ ਮੰਜ਼ਿਲਾਂ ਮਾਰ ਮਾਰ ਕੇ
ਫਿਰ ਵੀ ਅਸੀਂ ਧਿਙਾਣੇ

ਸੱਜ ਧੱਜ ਕੇ ਬਣ ਠਣ ਕੇ ਰਹੀਏ
ਲੱਗਦੇ ਫਿਰ ਅਣਜਾਣੇ
ਆਪਣੇ ਘਰ ਵੀ ਕਦਰ ਨਾ ਕੋਈ
ਕੌਣ ਦਿਲਾਂ ਦੀ ਜਾਣੇ

ਬੇ-ਕਦਰਾਂ ਸੰਗ ਅਸੀਂ ਪ੍ਰਨਾਏ
ਮੰਨ ਦੇ ਰੱਬ ਦੇ ਭਾਣੇ
ਜੇਕਰ ਕਦੇ ਸਾਡੇ ਵੱਲ ਤੱਕੇ
ਬੱਸ ਇਹੋ ਅਰਜੋਈ

ਸਾਡਾ ਜੱਗ ਦੇ ਆਉਣਾ ਸਫਲਾ
'ਸਾਗਰ' ਪਲ ਦੇ ਢੋਈ
✪✪

## ਬ੍ਰਿਹਾ

ਬਿਸ਼ੀਅਰ ਕਾਲੀਆਂ ਜ਼ੁਲਫਾਂ ਵਿੱਚ ਅੱਜ
ਚੰਦ ਚਾਨਣੀ ਖੋਈ
ਚਾਨਣੀ ਰਾਤ ਅਮਾਵਸ ਬਣ ਗਈ
ਕਰ ਕਰ ਹਾਵੇ ਜੋਈ

ਮੁੱਕ ਗਏ ਹੰਝੂ ਢਲਿਆ ਜੋਬਨ
ਰੂਹ ਕਮਲਾਈ ਹੋਈ
ਪਤਾ ਨਹੀਂ ਕਿਹੜੇ ਪੈਂਡੇ ਤੁਰ ਗਿਉਂ
ਜਿਸਦਾ ਪਤਾ ਨਾ ਕੋਈ

ਹਰ ਪੈਂਡੇ ਰਾਹੀ ਨੂੰ ਪੁੱਛਿਆ
ਇੱਧਰ ਗਿਆ ਹੈ ਕੋਈ
ਇਹ ਪੈਂਡੇ ਕੱਲਾ ਈ ਜਾਂਦਾ
ਨਾਲ ਨਾ ਜਾਂਦਾ ਕੋਈ

ਮੰਜ਼ਿਲ ਤੇ ਜਹਨੁਮ ਦੇ ਵਿੱਚ
ਮਿਲਦਾ ਕੋਈ ਕੋਈ
'ਸਾਗਰ' ਜੇ ਇੱਕ ਪਲ ਆ ਜਾਵੇਂ
ਮੁੜ ਜਿਉਂਦੀ ਮੈਂ ਹੋਈ
✪✪

## ਅਨੋਖਾ ਸਾਜ

ਜ਼ਿੰਦਗੀ ਭੀ ਇੱਕ ਅਨੋਖਾ ਸਾਜ਼ ਹੈ
ਜਿਸ ਦੀਆਂ ਤੀਬਰ ਕੋਮਲ ਸੁਰਾਂ 'ਚੋਂ
ਹਰ ਰਾਗ ਗਾਇਆ ਜਾਂਵਦਾ......

ਜਨਮ ਵੇਲੇ ਮਲ੍ਹਾਰ ਤੇ ਬਹਾਰ ਗਾਏ ਜਾਂਵਦੇ
ਵਿਛੜਨ ਸਮੇਂ ਬੈਰਾਗੀ ਸੁਰਾਂ ਗਾਂਵਦੇ
ਗਮੀ ਖੁਸ਼ੀ ਵੇਲੇ ਸੱਦ ਤੇ ਅਨੰਦ ਪੜ੍ਹਿਆ ਜਾਂਵਦਾ......

ਬੇ-ਮੌਸਮੇ ਰਾਗਾਂ ਨੂੰ ਵੀ ਜ਼ਿੰਦਗੀ ਕਬੂਲਦੀ
ਬੇ-ਤਾਲਾ ਬੇ-ਸੁਰਾ ਹੋਵੇ ਮੰਨਣਾ ਅਸੂਲ ਭੀ
ਦੁੱਖ-ਸੁੱਖ ਦੋਨੋ ਗਾਕੇ ਕੱਠੇ ਬੰਦਾ ਵਕਤ ਲੰਘਾਵਦਾ......

ਬਚਪਨ ਜਵਾਨੀ ਬੁਢਾਪਾ ਵਰਗੇ
ਮੰਦਰ ਮੱਧ ਤਾਰ ਸਪਤਕ ਨੇ ਤਿੰਨੋ
ਸਮੇਂ ਸਮੇਂ ਸੂਖਮ ਬੋਲਾਂ 'ਚੋਂ ਕੀ ਕੀ ਰਾਗ ਸੁਣਾਵਦਾ......

ਮਿੱਠੇ ਰਾਗ ਜੇ ਜ਼ਿੰਦਗੀ ਧੀਮੀ ਸੁਰ ਵਿੱਚ ਗਾਂਵਦੀ
ਸਭ ਕੁੱਝ ਆਪਣਾ ਮੰਨ ਕੇ ਤਾਲ ਵਿੱਚ ਫਿਰ ਆਂਵਦੀ
ਜ਼ਿੰਦਗੀ ਟੋਡੀ ਰਾਗ ਜੇ ਗਾਵੇ ਪੱਥਰ ਪਿਘਲ ਜਾਂਵਦਾ......

ਜ਼ਿੰਦਗੀ ਪਾਪੀ ਪਪੀਹਾ ਪ੍ਰਿਓ ਪ੍ਰਿਓ ਨਿੱਤ ਕਰੇ
ਸਵਾਤ ਬੂੰਦ ਮਿਲੇ ਨਾਹੀ ਹਰ ਸਮੇਂ ਤੜਪਦਾ ਫਿਰੇ
ਸਾਗਰ ਛੱਡ ਕੇ ਸੂਹੀ ਰਾਗ ਨੂੰ ਜੋਗ ਰਾਗ ਕਿਉਂ ਗਾਂਵਦਾ......
✪✪

## ਰੁਬਾਈ

ਬ੍ਰਿਹਾ ਤੇਰੇ ਨੇ ਜੋਗਨ ਕੀਤੀ, ਪ੍ਰੀਤ ਉਦਾਸਨ ਹੋਈ
ਕਰ ਕਰ ਤੈਂਡੀ ਯਾਦ ਸੱਜਣ ਵੇ ਮੋਈ ਕਿ ਮੈਂ ਮੋਈ
ਬਿਸ਼ੀਅਰ ਕਾਲੇ ਨਾਗਾਂ ਤੋਂ ਵੱਧ ਇਹ ਕਾਲੇ ਵਾਲ ਡਰਾਵਣ
'ਸਾਗਰ' ਦੇ ਵਿੱਚ ਡੁੱਬ ਕੇ ਮਰਜਾਂ ਜਿੱਥੋਂ ਕੱਢੇ ਨਾ ਕੋਈ
✪✪

## ਇਸ਼ਕ

ਇਸ਼ਕ ਇਸ਼ਕ ਪਿਆ ਹਰ ਕੋਈ ਕਰਦਾ
ਇਸ਼ਕੋਂ ਬਾਝ ਕਿਸੇ ਨਾ ਸਰਦਾ
ਕੋਈ ਸੱਚਾ ਕੋਈ ਝੂਠਾ ਕਰਦਾ
ਕੋਈ ਜ਼ਾਹਰ ਕੋਈ ਚੋਰੀ ਕਰਦਾ
ਇਸ਼ਕ ਲਈ ਕੋਈ ਝਨਾਂ 'ਚ ਡੁੱਬਦਾ
ਇਸ਼ਕ ਲਈ ਕੋਈ ਥਲਾਂ 'ਚ ਮਰਦਾ
ਇਸ਼ਕ ਹਕੀਕੀ ਇਸ਼ਕ ਮਜ਼ਾਜੀ
ਭੇਦ ਦੋਨਾਂ ਵਿੱਚ ਰੱਬ ਦੇ ਘਰ ਦਾ
ਇਸ਼ਕ ਲਈ ਕੋਈ ਸੂਲੀ ਚੜਿਆ
ਅਨਲ-ਹੱਕ ਅਨਲ-ਹੱਕ ਪਿਆ ਕਰਦਾ
ਇਸ਼ਕ ਲਈ ਬੰਦ ਬੰਦ ਕਟਵਾਏ
ਇਸ਼ਕ ਲਈ ਕੋਈ ਫਾਂਸੀ ਚੜ੍ਹਦਾ
ਇਸ਼ਕ ਕਿਸੇ ਨੂੰ ਦੇਸ ਕੌਮ ਦਾ

ਇਸ਼ਕ ਕਿਸੇ ਨੂੰ ਪ੍ਰੇਮੀ ਜਨ ਦਾ
ਇਸ਼ਕ ਹਕੀਕੀ ਰੱਬ ਦਾ ਮਿਲਨਾ
ਇਸ਼ਕ ਮਜ਼ਾਜੀ ਹੁਣ ਦੇ ਜੱਗ ਦਾ
ਜਿਸਨੇ ਸਮਝੀ ਰਮਜ਼ ਇਸ਼ਕ ਦੀ
'ਸਾਗਰ' ਉਹ ਭਵ-ਸਾਗਰ ਤਰਦਾ
✪✪

## ਗੀਤ

ਤੇਰੇ ਪਿੰਡ ਦੀ ਨਹਿਰ ਦਾ ਨੀਲਾ ਪਾਣੀ ਹਾਣੀਆ
ਜੀਅ ਕਰਦਾ ਮੈਂ ਡੁੱਬ ਮਰ ਜਾਵਾਂ ਹਾਣੀਆ. . .

ਕਦੇ ਡੁੱਬੇ ਸੀ ਝਨ੍ਹਾ 'ਚ ਸੋਹਣੀ ਮਹੀਂਵਾਲ ਸੀ
ਕਦੇ ਮਾਰੂਥਲੀ ਭੁੱਜੇ ਸੱਸੀ ਪੁਨੂੰ ਨਾਲ ਸੀ
ਦਿਲ ਕਹਿੰਦਾ ਉਹੀ ਗਾਥਾ ਦੁਹਰਾਵਾਂ ਹਾਣੀਆ. . .

ਇਹਨਾਂ ਪੰਜਾਂ ਪਾਣੀਆਂ 'ਚ ਰੰਗ ਪਿਆਰ ਵਾਲੇ ਰੰਗੇ
ਤਿੰਨ ਰਹਿ ਗਏ ਪੰਜਾਬ ਦੋ ਗੁਆਂਢੀ ਦੇਸ ਲੰਘੇ
ਕਿਵੇਂ ਕੱਠੇ ਪੰਜੇ ਕਰਕੇ ਦਿਖਾਵਾਂ ਹਾਣੀਆ. . .

ਅਸੀਂ ਜ਼ਿੰਦਗੀ ਦੀ ਬੀਨ ਉੱਤੇ ਰਾਗ ਬੜੇ ਗਾਏ
ਜਦੋਂ ਲਹਿਰੀਆ ਵਜਾਇਆ ਕਾਲੇ ਨਾਗ ਡੱਸਣ ਆਏ
ਕਿਵੇਂ ਕੀਲ ਕੇ ਪਟਾਰੀ ਵਿੱਚ ਪਾਵਾਂ ਹਾਣੀਆ. . .

ਤੂੰ ਤੇ ਚੰਗਾ ਸੀ ਬਥੇਰਾ ਤੈਨੂੰ ਕੀ ਹੋ ਗਿਆ
ਕਦੇ ਮੋੜਿਆ ਨੀ ਮੁੱਖ ਕਿਉਂ ਤੂੰ ਦੂਰ ਹੋ ਗਿਆ
'ਸਾਗਰ' ਮੰਨ ਜਾ ਤੂੰ ਹੁਣ ਵੀ ਮੰਨਾਵਾਂ ਹਾਣੀਆ. . .
✪✪

## ਗੀਤ

ਖਾ ਕੇ ਮੁੱਕਰ ਗਈ ਨੀ ਤੂੰ ਮਿੱਤਰਾਂ ਦੇ ਖੰਡ ਦੇ ਪਤਾਸੇ
ਮਿੱਠਾ ਰਸ ਡੁੱਲਦਾ ਫਿਰੇ ਤੇਰੇ ਗੋਰੀਏ ਬੁੱਲ੍ਹਾਂ ਦੇ ਵਿੱਚੋਂ ਆਪੇ

ਕੀਤੇ ਸੀ ਜੋ ਵਾਅਦੇ ਗੋਰੀਏ ਹੱਟੀ ਬਾਣੀਏ ਦੀ ਵਿੱਚ ਤੂੰ ਬਹਿ ਕੇ
ਵਾਅਦੇ ਕਰ ਤੂੰ ਭੱਜ ਗਈ ਦੋ ਘੜੀਆਂ ਤ੍ਰਿੰਝਣਾਂ 'ਚ ਰਹਿ ਕੇ
ਅਜੇ ਕੁੱਝ ਬਿਗੜਿਆ ਨਹੀਂ ਡੁੱਲ੍ਹੇ ਬੇਰਾਂ ਨੂੰ ਤੂੰ ਚੱਕ ਲੈ ਆਪੇ
ਮਿੱਠਾ ਰਸ ਡੁੱਲ੍ਹਦਾ......

ਖੰਡ ਦੇ ਪਤਾਸੇ ਖਾ ਕੇ ਸਾਡੀ ਭੁੱਲ ਗਈ ਗਈ ਪ੍ਰੀਤ ਪਿਆਰੀ
ਮਿੱਠਾ ਮਿੱਠਾ ਤੂੰ ਬੋਲਕੇ ਵਿੱਚੋਂ ਲਾ ਗਈ ਕਿਸੇ ਦੇ ਨਾਲ ਯਾਰੀ
ਤੇਰੀ ਸਾਡੀ ਨਹੀਂ ਨਿਭਣੀ ਤੇਰੇ ਚੱਜ ਸਾਨੂੰ ਠੀਕ ਨਾ ਜਾਪੇ
ਮਿੱਠਾ ਰਸ ਡੁੱਲਦਾ......

ਕੀਤੀ ਨਾ ਸ਼ਰਮ ਗੋਰੀਏ ਲਾ ਕੇ ਪੌੜੀ ਜੱਟ ਕੋਠੇ ਤੇ ਚੜ੍ਹ ਗਇਆ
ਰੋ ਕੇ ਦੱਸ ਮਾਪਿਆਂ ਨੂੰ ਪੌੜੀ ਚੁੱਕ ਕੇ ਤੂੰ ਜੱਟ ਨੂੰ ਫਸਾਇਆ
ਨੀ ਛੱਡ ਗਈ 'ਸਾਗਰ' ਨੂੰ ਲਾ ਕੇ ਯਾਰੀਆਂ ਗਿੱਧੇ ਦੇ ਵਿੱਚ ਆਪੇ
✪✪

## ਗੀਤ

ਵੇ ਮੈਂ ਲੱਗੀਆਂ ਦੇ ਬੋਲ ਪੁਗਾਵਾਂ ਮਿੱਤਰਾ ਦੂਰ ਦਿਆ
ਤੇਰੀ ਜਿੰਦ ਉੱਤੋਂ ਜਿੰਦ ਨੂੰ ਘੁੰਮਾਵਾਂ ਮਿੱਤਰਾ ਦੂਰ ਦਿਆ

ਕੁੱਝ ਨਹੀਂ ਮੇਰਾ ਤੈਥੋਂ ਬਿਨਾਂ ਮੇਰੇ ਹਾਣੀਆ
ਨਿਭਣਾ ਨੀ ਸਾਥ ਮੇਰਾ ਬਾਝ ਤੇਰੇ ਹਾਣੀਆ
ਪੀੜਾ ਦਿਲ ਵਾਲੀ ਤੈਨੂੰ ਮੈਂ ਸੁਣਾਵਾਂ
ਮਿੱਤਰਾ ਦੂਰ ਦਿਆ......

ਮਾਰ ਭਾਵੇਂ ਰੱਖ ਇਹ ਜ਼ਿੰਦਗੀ ਵੀ ਤੇਰੀ ਏ
ਦਿਲਾਂ ਵਾਲੀ ਪੀੜ ਨਾ ਜੁਦਾਈ ਹੋਰ ਸਹਿੰਦੀ ਏ
ਤੇਰੇ ਗਮਾਂ ਵਿੱਚ ਮਰਦੀ ਜਾਵਾਂ
ਮਿੱਤਰਾ ਦੂਰ ਦਿਆ......

ਦਿਲਾਂ ਵਾਲੀ ਗੱਲ ਨਾ ਦਿਲਾਂ 'ਚ ਲੁਕਾਈ ਰਹਿੰਦੀ
ਪਿਆਰ ਵਾਲੀ ਲਾ ਦੇ ਚੰਨਾ ਮੇਰੇ ਹੱਥਾਂ ਉੱਤੇ ਮਹਿੰਦੀ
'ਸਾਗਰ' ਯਾਦ ਤੇਰੀ 'ਚ ਮਰ ਜਾਵਾਂ
ਮਿੱਤਰਾ ਦੂਰ ਦਿਆ......
✪✪

## ਗੀਤ

ਤੇਰੇ ਮੂਹਰੇ ਥਾਨ ਸੁੱਟਿਆ
ਭਾਵੇਂ ਸੁਥਣ ਸਮਾ ਲੈ ਭਾਵੇਂ ਲਹਿੰਗਾ

ਛੇ ਛੇ ਇੰਚ ਦੇ ਕੱਪੜੇ ਪਾ ਕੇ
ਨੱਚਦੀ ਟੱਪਦੀ ਖਹਿੰਦੀ
ਈਲੂ ਈਲੂ ਕਰਦੀ ਨੂੰ ਤੈਨੂੰ
ਸ਼ਰਮ ਰਤਾ ਨਾ ਰਹਿੰਦੀ
ਦੇਖਣ ਵਾਲਾ ਪਾਣੀ ਧਾਣੀ
ਪਰ ਤੈਨੂੰ ਫ਼ਰਕ ਨਾ ਪੈਂਦਾ......

ਕਾਲੇ ਸੂਫ਼ ਦਾ ਘੱਗਰਾ ਅੜੀਏ
ਕਿੱਧਰ ਗਿਆ ਦੱਸ ਤੇਰਾ
ਰੇਸ਼ਮ ਦੀ ਫੁਲਕਾਰੀ ਹੈ ਨੀ
ਨਾ ਸੱਗੀ ਪਰਾਂਦਾ ਤੇਰਾ
ਸੱਸ ਦਾ ਦਿੱਤਾ ਬਾਗ ਵੀ ਹੈ ਨੀ
ਖਸਮ ਨੀ ਡਰਦਾ ਕਹਿੰਦਾ......

ਸ਼ਰਮ ਹਯਾ ਦਾ ਘੁੰਡ ਵੈਰਨੇ
ਉੱਡ ਗਿਆ ਮਾਰ ਉਡਾਰੀ
ਸੂਈਆਂ ਅਤੇ ਕਲਿੱਪ ਨੀਂ ਦੀਂਹਦੇ
ਨਾ ਗਲ ਗਾਨੀ ਕਾਲੀ
ਸਿੰਗ ਤਬੀਤ ਤੇ ਪਿੱਪਲ ਪੱਤੀਆਂ
ਕੋਈ ਨਾ ਘੜਨ ਨੂੰ ਕਹਿੰਦਾ......

ਜੁੱਤੀ ਕੱਢਵੀਂ ਸੁਥਣ ਸੂਫ਼ ਦੀ
ਜੇ ਪੈਰ ਪੰਜ਼ੇਬਾਂ ਪਾਵੇਂ
ਥਲ ਥਲ ਕਰਦੀ ਧਰਤੀ ਕੰਬੇ
ਜਿੱਧਰੋਂ ਤੂੰ ਲੰਘ ਜਾਵੇਂ
ਸਾਗਰ ਬਣੇਂ ਪੰਜਾਬਣ ਪੂਰੀ
ਰੂਪ ਵੀ ਡੁੱਲ੍ਹ ਡੁੱਲ੍ਹ ਪੈਂਦਾ......
✪✪

## ਗੀਤ

ਜਿੰਨ੍ਹੇ ਮਰਜ਼ੀ ਰੰਗ ਰੰਗਾ ਲਓ
ਉਗੜੂ ਵੈਂਗਣੀ,
ਜਿੰਨ੍ਹੇ ਮਰਜ਼ੀ ਲਹਿੰਗੇ ਪਾ ਲਓ
ਪੱਲੇ ਰਹਿ ਜੂ ਠੈਂਗਣੀ......

ਪਹਿਲਾਂ ਵਾਲੇ ਰੰਗ ਗੋਰੀਏ
ਹੁਣ ਨੀ ਦਿਖਦੇ ਤੇਰੇ
ਬਿਊਟੀ ਪਾਰਲਰਾਂ ਵਿੱਚ ਜਾਕੇ
ਨਖਰੇ ਕਰੇਂ ਬਥੇਰੇ
ਕਾਲਾ ਰੰਗ ਤਾਂ ਕਾਲਾ ਰਹਿੰਦਾ
ਬਣੇਂ ਕਿਉਂ ਮੇਮੋ ਠੈਂਗਣੀ......

ਲੁਲਕ ਲੁਲਕ ਪਿਆ ਲਹਿੰਗਾ ਕਰਦਾ
ਘੱਗਰਾਂ ਮੂੰਹੋਂ ਕਹਿੰਦਾ
ਲਹਿ ਗਿਆ ਲਹਿ ਗਿਆ ਹੋ ਗਈ ਯਾਰੋ
ਲਹਿੰਗਾ ਤਿਲ੍ਹ ਕਦਾ ਰਹਿੰਦਾ
ਅੱਧੇ ਫੁੱਟ ਦੇ ਸੈਂਡਲ ਪਾ ਕੇ
ਖੜ੍ਹ ੀ ਵੀ ਲੱਗੇ ਬੈਠਣੀ......

ਆਖਿਰ ਨੂੰ ਗੱਲ ਮੁੱਕਦੀ ਯਾਰੋ
ਕੱਪੜੇ ਤਨ ਤੋਂ ਘਟਦੇ ਜਾਂਦੇ
ਨੱਚਣਾ ਗਾਉਣਾ ਬਾਕੀ ਰਹਿ ਗਿਆ
ਜੋ ਆਇਆ ਮੂੰਹ ਕਹਿ ਕਹਿ ਜਾਂਦੇ
ਦੱਸੋ ਕਿੱਥੇ ਕੋਈ ਅੱਖਾਂ ਮੀਚੇ,
ਸਾਗਰ ਮੁੱਕੀ ਬਹਿਸ ਨੀ......
✪✪

## ਗੀਤ

ਛੱਡ ਜਾਣਾ ਵੇ ਸ਼ਹਿਰ ਤੇਰਾ ਧੂਰੀ,
ਵੇ ਤੂੰ ਕਦੇ ਵੀ ਨਾ ਪਾਈ ਜੱਟਾ ਪੂਰੀ,
ਮੁੰਡਾ ਤੂੰ ਅਨਾੜ ੀ ਜਿਹਾ......

ਕਿਸੇ ਕੰਮ ਵਿੱਚ ਪੂਰਾ ਨਾ ਤੂੰ,
ਗੱਲਾਂ ਪੁੱਠੀਆਂ ਕਰਦਾ,
ਕੰਮ ਨੇ ਸਾਰੇ ਦੇਸੀ ਤੇਰੇ,
ਪੂਰਾ ਬੁੱਧੂ ਲੱਗਦਾ,
ਪੈਸੇ ਦਾ ਤੂੰ ਪੁੱਤ ਵੈਰੀਆ,
ਮਾਂ ਦੀ ਕਰੇ ਜੀ ਹਜ਼ੂਰੀ......

ਪੜ੍ਹ ਆ ਵੀ ਤੂੰ ਅਨਪੜ੍ਹ ਲੱਗੇ,
ਬੋਲਣਾ ਨਾ ਤੈਨੂੰ ਆਵੇ,
ਪੁੱਛਣ ਨੂੰ ਤੂੰ ਪੁਸਣ ਕਹਿੰਦਾ,
ਕੋਟ ਪੈਂਟ ਨਾ ਪਾਵੇਂ,
ਹੋਰ ਤੇਰੇ ਜਿਹੇ ਪੰਜ ਸੱਤ ਹੁੰਦੇ,
ਪੈ ਜਾਂਦੀ ਫਿਰ ਪੂਰੀ......

ਮਿੱਠਾ ਥੰਦਾ ਬਾਹਲਾ ਹੀ ਖਾਂਦਾ,
ਹੋਰ ਅਕਲ ਨਾ ਤੈਨੂੰ,
ਧੂਰੀ ਅੱਡੇ ਫਿਰਦਾ ਰਹਿੰਦਾ,
ਮੁਸ਼ਕ ਦੀ ਆਦਤ ਤੈਨੂੰ,
'ਸਾਗਰ' ਦੀ ਗੱਲ ਹਾਲੇ ਵੀ ਮੰਨ ਲੈ,
ਸੰਵਰੂ ਬਾਤ ਅਧੂਰੀ.......
✪✪

## ਗੀਤ

ਮੇਰਾ ਮਹਿਰਮ ਮੋੜ ਲਿਆਓ,
ਮਹਿਰਮ ਬਿਨ ਮੇਰਾ ਜੀਅ ਨਹੀਂ ਲੱਗਦਾ,
ਇਹ ਕਹਿ ਉਸਨੂੰ ਮੋੜ ਲਿਆਓ।

ਭੁੱਲ ਗਏ ਨੇ ਸਭ ਹਾਸੇ ਉਸ ਬਿਨ,
ਕੌਣ ਵੰਡਾਵੇ ਦਰਦ ਭਰੇ ਗ਼ਮ,
ਮੇਰੇ ਦੁੱਖ ਦਾ ਗ਼ਮ ਸੀ ਉਸਨੂੰ,
ਇਹੀ ਕਹਾਣੀ ਯਾਦ ਕਰਾਓ।

ਮਹਿਰਮ ਵਾਝ ਹਨ੍ਹੇ ਰਾ ਜਾਪੇ,
ਬ੍ਰਿਹਾਂ ਦਾ ਗ਼ਮ ਇਹ ਪਿਆ ਆਖੇ,
ਉਹ ਤਾਂ ਮੁੜ ਸਕਦੈ ਪਰ ਉਸਨੂੰ,
ਕਿਸੇ ਬਹਾਨੇ ਮੋੜ ਲਿਆਓ।

ਇਸ ਜ਼ਿੰਦਗੀ ਦੀ ਪਿਆਰ ਕਹਾਣੀ,
ਕਿਵੇਂ ਸੀ ਕਿੱਦਾਂ ਹੋ ਗਈ ਯਾਰੋ,
ਹੁਸਨ ਭੀ ਰੋਂਦਾ ਇਸ਼ਕ ਵੀ ਰੋਂਦਾ,
ਕੋਈ ਤਾਂ ਕਿਵੇਂ ਚੁੱਪ ਕਰਾਓ।

ਉਸਦਾ ਪੈਂਡਾ ਬੜਾ ਏ ਲੰਬਾ,
ਜੇਕਰ ਤੁਰ ਗਿਆ ਮੁੜ ਨਹੀਂ ਆਉਣਾ,
ਨਾ ਫਿਰ ਉਸ ਸਾਜ ਨੇ ਰਹਿਣਾ,
ਨਾ ਕਿਸੇ ਗੀਤ ਬ੍ਰਿਹਾਂ ਦਾ ਗਾਉਣਾ।
ਪੰਧ ਮਾਰਕੇ ਪੈੜ ਭਾਲ ਕੇ,
ਮੰਜ਼ਿਲ ਤੋਂ ਪਹਿਲਾਂ ਲੈ ਆਓ।

ਕਿਵੇਂ ਹੋਣਗੇ ਰਾਗ ਇਹ ਪੂਰੇ,
ਸਮਝ ਨਹੀਂ ਆਉਂਦੀ ਕਿੱਦਾਂ ਕਰੀਏ,
ਸਾਜ ਬਿਨਾਂ ਆਵਾਜ਼ ਨਹੀਂ ਮਿਲਣੀ,
ਗੀਤ ਰਹਿਣਗੇ ਹੋਰ ਅਧੂਰੇ,
'ਮਹਿਰਮ' ਸਾਜ ਹੀ ਅਸਲੀ ਹੁੰਦੈ,
ਬਸ ! ਗੀਤ ਮੇਰੇ ਉਸਨੂੰ ਦੇ ਆਓ।
✪✪

**ਪਿਆਰ ਮਿਲਣ ਤੋਂ ਸਾਡਾ ਮਜ਼ਬੂਰ ਹੋਇਆ।**

ਚੰਦ ਚਾਨਣੀ ਵਿਚ ਮਿਲਦੇ ਸੀ ਜਦੋਂ ਅਸੀਂ,
ਡੂੰਘਾ ਪਿਆਰ ਸੀ ਇੱਕ ਦੂਜੇ ਨਾਲ ਸਾਨੂੰ।
ਕਰਦੇ ਰਹਿੰਦੇ ਸੀ ਦਿਲਾਂ ਦੀ ਗੱਲ ਮਿਲ ਕੇ,
ਇੱਕ ਦੂਜੇ ਤੇ ਸੀ ਇਤਬਾਰ ਸਾਨੂੰ।

ਚੰਦ ਚੌਧਵੀਂ ਨੂੰ ਪਤਾ ਨੀ ਕੀ ਕਸੂਰ ਹੋਇਆ,
ਚਨ ਮਾਹੀ ਮੇਰਾ ਮੈਥੋਂ ਕਿਉਂ ਦੂਰ ਹੋਇਆ।
ਤੜਫਦੇ ਰਹੇ ਇੱਕ ਦੂਜੇ ਨੂੰ ਮਿਲਣ ਖਾਤਰ,
ਪਿਆਰ ਮਿਲਣ ਤੋਂ ਸਾਡਾ ਮਜ਼ਬੂਰ ਹੋਇਆ।

ਮੈਂ ਤਾਂ ਸੋਚਦੀ ਸੀ ਜੇ ਵਾਇਦਾ ਕਰ ਲੈਂਦੀ,
ਇਹ ਕਿਡੀ ਰਾਤ ਸੀ ਸੋਹਣੇ ਪਿਆਰ ਵਾਲੀ।
ਰੁਸੇ 'ਸਾਗਰ' ਨੂੰ ਜੇ ਕਰ ਮਨਾ ਲੈਂਦੀ,
ਗੱਲ ਹੁੰਦੀ ਕੋਈ ਇਕਰਾਰ ਵਾਲੀ।

All Copy Rights Tarknharti Soloutions Barnala.
E-mail : tarksheel@yahoo.com